ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 25 ਜੂਨ 2024 (ਨਾਨਕਸ਼ਾਹੀ ਸੰਮਤ : ੫੫੬, ੧੨ ਹਾੜ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243



## ਸਿੱਖ ਰਾਜ ਦੇ ਬਾਨੀ : ਬਾਬਾ ਬੰਦਾ ਸਿੰਘ ਬਹਾਦਰ

ਅੱਜ ਸ਼ਹੀਦੀ ਦਿਵਸ 'ਤੇ ਵਿਸ਼ੇਸ਼

ਸੰਬੰਧਤ ਲੇਖ ਅੰਦਰਲੇ ਪੰਨਿਆਂ 'ਤੇ ਪੜ੍ਹੋ

## 7 ਉਮੀਦਵਾਰਾਂ ਦੇ ਪਰਚੇ ਰੱਦ

# ਜਲੰਧਰ 'ਚ ਮੈਦਾਨ ਹੋਇਆ ਤਿਆਰ

**ਜਲੰਧਰ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਅੱਜ ਨਾਮਜ਼ਦਗੀਆਂ ਦੀ ਪੜਤਾਲ ਪਿਛੋਂ 16 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਕੁੱਲ 23 ਉਮੀਦਵਾਰਾਂ ਵਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਸਨ ਜਿਨ੍ਹਾਂ ਵਿਚੋਂ ਪੜਤਾਲ ਦੌਰਾਨ 7 ਦੇ ਨਾਮਜ਼ਦਗੀ ਪੱਤਰ ਰੱਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਰਾਜ ਕੁਮਾਰ, ਇੰਦਰਜੀਤ ਸਿੰਘ, ਵਿਸ਼ਾਲ, ਅਜੇ ਕੁਮਾਰ ਭਗਤ, ਨੀਟੂ, ਅਜੇ, ਵਰੁਣ ਕਲੇਰ, ਅਮਿਤ ਕੁਮਾਰ, ਆਰਤੀ ਅਤੇ ਦੀਪਕ ਭਗਤ (ਸਾਰੇ ਆਜ਼ਾਦ) ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਦੇ ਸ਼ੀਤਲ ਅੰਗੁਰਾਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਰਬਜੀਤ ਸਿੰਘ, ਬਸਪਾ ਦੇ ਬਿੰਦਰ ਕੁਮਾਰ, ਆਮ ਆਦਮੀ ਪਾਰਟੀ ਦੇ ਮਹਿੰਦਰਪਾਲ, ਇੰਡੀਅਨ ਨੈਸ਼ਨਲ ਕਾਂਗਰਸ ਦੇ ਸੁਰਿੰਦਰ ਕੌਰ, ਸ਼੍ਰੋਮਣੀ ਅਕਾਲੀ ਦਲ ਦੇ ਸੁਰਜੀਤ ਕੌਰ ਦੇ ਨਾਮਜ਼ਦਗੀ ਪੱਤਰ ਦਰੁਸਤ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਰੱਦ ਕੀਤੇ ਗਏ ਹਨ ਉਨ੍ਹਾਂ ਵਿੱਚ ਅੰਜੂ ਅੰਗੁਰਾਲ ਕਵਰਿੰਗ ਉਮੀਦਵਾਰ ਭਾਜਪਾ, ਕਰਨ ਸੁਮਨ ਕਵਰਿੰਗ ਉਮੀਦਵਾਰ ਕਾਂਗਰਸ, ਅਤੁੱਲ ਭਗਤ ਕਵਰਿੰਗ ਉਮੀਦਵਾਰ ਆਮ ਆਦਮੀ ਪਾਰਟੀ, ਪਰਮਜੀਤ ਮੱਲ ਕਵਰਿੰਗ ਉਮੀਦਵਾਰ ਬਸਪਾ ਦੇ ਕਾਗਜ਼ ਰੱਦ ਕੀਤੇ ਗਏ ਹਨ ਕਿਉਂ ਜੋ ਪਾਰਟੀਆਂ ਦੇ ਮੁੱਖ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ ਹਨ। ਇਸ ਤੋਂ ਇਲਾਵਾ ਇਕਬਾਲ ਚੰਦ ਜਿਨ੍ਹਾਂ ਦੇ ਨਾਮਜ਼ਦਗੀ ਵਿੱਚ ਪਰਪੋਜ਼ਰ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਿਤ ਸਨ, ਬਲਵਿੰਦਰ ਕੁਮਾਰ ਲੋੜੀਂਦੇ 10 ਪਰਪੋਜ਼ਰ ਨਾ ਹੋਣ ਕਰਕੇ ਅਤੇ ਮਹਿੰਦਰਪਾਲ ਵਲੋਂ ਨਾਮੀਨੇਸ਼ਨ ਫਾਰਮ 2-ਬੀ ਉਮੀਦਵਾਰ ਵਲੋਂ ਦਸਤਖਤ ਨਾ ਕੀਤਾ ਹੋਣ ਅਤੇ ਲੋੜੀਂਦੇ 10 ਪਰਪੋਜ਼ਰ ਨਾ ਹੋਣ ਕਰਕੇ ਰੱਦ ਕੀਤੇ ਗਏ ਹਨ। ਜਲੰਧਰ ਜ਼ਿਮਨੀ ਚੋਣ ਲਈ 10 ਜੁਲਾਈ ਨੂੰ ਵੋਟਾਂ ਪੈਣ ਜਾ ਰਹੀਆਂ ਹਨ ਜਿਸ ਦੇ ਨਤੀਜੇ 13 ਜੁਲਾਈ ਨੂੰ ਐਲਾਨੇ ਜਾਣਗੇ।



## ਸਹੁੰ ਚੁੱਕਣ ਲਈ ਭਾਈ ਅੰਮ੍ਰਿਤਪਾਲ ਸਿੰਘ ਨੂੰ ਮਿਲਿਆ ਸਮਾਂ

**ਚੰਡੀਗੜ੍ਹ, 24 ਜੂਨ (ਆਵਾਜ਼ਿ ਕੌਮ ਬਿਊਰੋ)**-18ਵੀਂ ਲੋਕ ਸਭਾ ਦਾ ਸੈਸ਼ਨ ਅੱਜ ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਇਸ ਸੈਸ਼ਨ ਵਿਚ ਨਵੇਂ ਚੁਣ ਕੇ ਆਏ ਸਾਂਸਦਾ ਨੂੰ ਸਹੁੰ ਚੁਕਾਈ ਜਾਵੇਗੀ। ਪੰਜਾਬ ਦੇ ਸਾਂਸਦਾ ਨੂੰ ਮੰਗਲਵਾਰ 25 ਜੂਨ ਨੂੰ ਸਹੁੰ ਚੁੱਕਣ ਲਈ ਸਮਾਂ ਦਿੱਤਾ ਗਿਆ ਹੈ। ਇਸ ਦੌਰਾਨ ਸਭ ਦੀਆਂ ਨਜ਼ਰਾਂ ਪੰਜਾਬ ਵਿਚ ਸਭ ਤੋਂ ਵੱਡੀ ਜਿੱਤ ਦਰਜ ਕਰਨ ਵਾਲੇ ਅੰਮ੍ਰਿਤਪਾਲ ਸਿੰਘ 'ਤੇ ਟਿਕੀਆਂ ਹੋਈਆਂ ਹਨ। ਸਹੁੰ ਚੁੱਕਣ ਵਾਲੇ ਪੰਜਾਬ ਦੇ 13 ਸਾਂਸਦਾ ਵਿਚ ਜੇਲ੍ਹ ਤੋਂ ਚੋਣ ਲੜਨ ਅਤੇ ਜਿੱਤਣ ਵਾਲੇ ਅੰਮ੍ਰਿਤਪਾਲ ਸਿੰਘ ਦਾ ਨਾਮ ਵੀ ਸ਼ਾਮਲ ਹੈ। ਉਨ੍ਹਾਂ ਨੂੰ ਇਸ ਲਈ ਰਸਮੀ ਸੱਦਾ ਵੀ ਮਿਲਿਆ ਹੈ ਅਤੇ ਉਨ੍ਹਾਂ ਨੂੰ ਦੁਪਹਿਰ 12 ਤੋਂ ਇਕ ਵਜੇ ਦਾ ਸਮਾਂ ਦਿੱਤਾ ਗਿਆ ਹੈ ਪਰ ਇਸ ਦੇ ਬਾਵਜੂਦ ਅੰਮ੍ਰਿਤਪਾਲ ਸਿੰਘ ਦਾ ਸਹੁੰ ਚੁੱਕ ਸਮਾਗਮ ਵਿਚ ਪਹੁੰਚਣਾ ਔਖਾ ਜਾਪ ਰਿਹਾ ਹੈ। ਅੰਮ੍ਰਿਤਪਾਲ ਸਿੰਘ ਮਾਰਚ 2023 ਤੋਂ ਐੱਨ. ਐੱਸ. ਏ. ਦੇ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਐੱਨ. ਐੱਸ. ਏ. ਇਕ ਅਜਿਹਾ ਕਾਨੂੰਨ ਹੈ ਜੋ ਸਰਕਾਰ ਨੂੰ ਬਿਨਾਂ ਕਿਸੇ ਰਸਮੀ ਦੋਸ਼ ਦੇ 12 ਮਹੀਨਿਆਂ ਤਕ ਵਿਅਕਤੀ ਨੂੰ ਹਿਰਾਸਤ ਵਿਚ ਰੱਖਣ ਦੀ ਇਜਾਜ਼ਤ ਦਿੰਦਾ ਹੈ ਪਰ ਅੰਮ੍ਰਿਤਪਾਲ ਸਿੰਘ ਨੂੰ ਹੁਣ ਇਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਅਤੇ ਸਰਕਾਰ ਨੇ ਉਸ ਦੇ ਐੱਨ. ਐੱਸ. ਏ. ਨੂੰ ਦੂਜੀ ਵਾਰ ਵਧਾ ਦਿੱਤਾ ਹੈ। ਅਜਿਹੇ ਵਿਚ ਸੰਸਦੀ ਪ੍ਰੋਗਰਾਮ ਲਈ ਭੇਜੇ ਗਏ 25 ਜੂਨ ਦੇ ਸਮੇਂ ਵਿਚ ਅੰਮ੍ਰਿਤਪਾਲ ਸਿੰਘ ਦਾ ਜੇਲ੍ਹ 'ਚੋਂ ਪੈਰੋਲ 'ਤੇ ਆ ਸਕਣਾ ਮੁਸ਼ਕਲ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਨਵੀਂ ਸੰਸਦ ਭਵਨ ਵਿਚ ਪਹਿਲੀ ਵਾਰ ਨਵੇਂ ਸੰਸਦ ਮੈਂਬਰਾਂ ਦਾ ਸਹੁੰ ਚੁੱਕ ਸਮਾਗਮ ਹੋਵੇਗਾ। ਲੋਕ ਸਭਾ ਸਪੀਕਰ ਦੀ ਚੋਣ 26 ਜੂਨ ਨੂੰ ਹੋਵੇਗੀ, ਜਿਸ ਤੋਂ ਬਾਅਦ ਰਾਸ਼ਟਰਪਤੀ ਦ੍ਰੋਪਦੀ ਮੁਰਮੂ 27 ਜੂਨ ਨੂੰ ਦੋਵਾਂ ਸਦਨਾ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਨਗੇ।



## ਦਿਲਜੀਤ ਦੋਸਾਂਝ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ



**ਅੰਮ੍ਰਿਤਸਰ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਦੁਨੀਆ ਭਰ ਵਿੱਚ ਪੰਜਾਬੀਆਂ ਦਾ ਮਾਣ ਵਧਾਉਣ ਵਾਲਾ ਪੰਜਾਬੀ ਕਲਾਕਾਰ ਦਿਲਜੀਤ ਦੋਸਾਂਝ ਲਗਾਤਾਰ ਸੁਰਖੀਆਂ ਦਾ ਵਿਸ਼ਾ ਬਣਿਆ ਹੋਈਆ ਹੈ। ਦੱਸ ਦੇਈਏ ਕਿ ਵਿਦੇਸ਼ ਵਿੱਚ ਆਪਣੇ ਸ਼ੋਅਜ਼ ਰਾਹੀਂ ਵਾਹੋ-ਵਾਹੀ ਖੱਟਣ ਵਾਲਾ ਗਲੋਬਲ ਸਟਾਰ ਇਨ੍ਹੀਂ ਦਿਨੀ ਆਪਣੀ ਫਿਲਮ ਜੱਟ ਐਂਡ ਜੂਲੀਅਟ-3 ਨੂੰ ਲੈ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਵਿਚਾਲੇ ਕਲਾਕਾਰ ਪੰਜਾਬ ਦੌਰੇ ਤੇ ਹੈ। ਇਸ ਦੌਰਾਨ ਉਨ੍ਹਾਂ ਨੂੰ ਲੁਧਿਆਣਾ ਤੋਂ ਬਾਅਦ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੇਖਿਆ ਗਿਆ। ਦਰਅਸਲ, ਕਲਾਕਾਰ ਵੱਲੋਂ ਆਪਣੇ ਸੋਸ਼ਲ ਮੀਡੀਆ ਹੈਂਡਲ ਉੱਪਰ ਇੱਕ ਬਹੁਤ ਹੀ ਪਿਆਰਾ ਵੀਡੀਓ ਸ਼ੇਅਰ ਕੀਤਾ ਹੈ। ਜਿਸ ਨੇ ਹਰ ਕਿਸੇ ਦਾ ਧਿਆਨ ਆਪਣੇ ਵੱਲ ਖਿੱਚਿਆ ਹੋਇਆ ਹੈ। ਇਸ ਦੌਰਾਨ ਦਿਲਜੀਤ ਦੋਸਾਂਝ ਦਾ ਸਾਦਗੀ ਭਰਿਆ ਅੰਦਾਜ਼ ਵੇਖ ਹਰ ਕੋਈ ਹੈਰਾਨ ਰਹਿ ਗਿਆ। ਉਹ ਸਾਦਾ ਚਿੱਟਾ ਕੁੜਤਾ ਅਤੇ ਭਗਵੀਂ ਪੱਗ ਪਹਿਨ ਕੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ। ਪੰਜਾਬੀ ਕਲਾਕਾਰ ਦਾ ਇਹ ਵੀਡੀਓ ਪ੍ਰਸ਼ੰਸਕਾਂ ਵੱਲੋਂ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਰਬਾਰ ਸਾਹਿਬ ਦੇ ਮੁੱਖ ਗੁਰੂਘਰ ਲਿਜਾਣ ਸਮੇਂ ਉਨ੍ਹਾਂ ਨੇ ਆਮ ਸ਼ਰਧਾਲੂ ਵਾਂਗ ਦਰਸ਼ਨ ਕੀਤੇ ਅਤੇ ਫੁੱਲਾਂ ਦੀ ਵਰਖਾ ਕੀਤੀ। ਉਨ੍ਹਾਂ ਸਵੇਰੇ ਇੱਥੇ ਪਾਲਕੀ ਸਾਹਿਬ ਦੀ ਸੇਵਾ ਵੀ ਕੀਤੀ। ਗੁਰੂਘਰ ਵਿੱਚ ਬੈਠ ਕੇ ਕੀਰਤਨ ਸਰਵਣ ਕੀਤਾ।

## ਪੰਜਾਬ ਪੁਲਸ ਦੇ ਮੁਲਾਜ਼ਮਾਂ ਦਾ ਵੱਡਾ ਕਾਰਾ, ਸਾਬਕਾ ਕੌਂਸਲਰ ਦੇ ਪੁੱਤ ਨੂੰ ਅਗਵਾ ਕਰਕੇ ਮੰਗੀ ਫਿਰੌਤੀ

**ਜਲੰਧਰ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਨਕੋਦਰ 'ਚ ਪੁਲਸ ਦੀ ਵਰਦੀ ਨੂੰ ਦਾਗਦਾਰ ਕਰਦੇ ਹੋਏ 2 ਮੁਲਾਜ਼ਮਾਂ ਨੇ ਸਾਥੀਆ ਨਾਲ ਮਿਲ ਕੇ ਨਕੋਦਰ ਦੇ ਇਕ ਅਕਾਲੀ ਦਲ ਸਾਬਕਾ ਕੌਂਸਲਰ ਦੇ ਪੁੱਤਰ ਨੂੰ ਕਾਰ ਵਿਚ ਅਗਵਾ ਕਰਕੇ ਲਿਜਾਣ ਅਤੇ ਨਾਜਾਇਜ਼ ਹਿਰਾਸਤ ਵਿੱਚ ਰੱਖ ਕੇ 50 ਹਜ਼ਾਰ ਰੁਪਏ ਮੰਗਣ ਦਾ ਸੰਗੀਨ ਮਾਮਲਾ ਸਾਹਮਣੇ ਆਇਆ ਹੈ। ਕਰੀਬ 8 ਘੰਟਿਆਂ ਬਾਅਦ ਲੜਕੇ ਨੂੰ ਨਕੋਦਰ-ਜਲੰਧਰ ਰੋਡ 'ਤੇ ਛੱਡ ਕੇ ਫਰਾਰ ਹੋ ਗਏ। ਸਿਟੀ ਪੁਲਸ ਨੂੰ ਦਿੱਤੇ ਬਿਆਨ 'ਚ ਭਗਵਾਨ ਸਿੰਘ ਪਰੂਥੀ ਸਾਬਕਾ ਕੌਂਸਲਰ ਨੇ ਦੱਸਿਆ ਕਿ ਬੀਤੇ ਕੱਲ੍ਹ ਉਨ੍ਹਾਂ ਦਾ ਲੜਕਾ ਨਵਜੋਤ ਸਿੰਘ ਪਰੂਥੀ ਉਰਫ਼ ਮਨੀ ਵਕਤ ਕਰੀਬ 10:30 ਵਜੇ ਸਵੇਰੇ ਨਿੱਜੀ ਕੰਮ ਲਈ ਬਾਜ਼ਾਰ ਗਿਆ ਸੀ। ਕਰੀਬ 11:10 ਵਜੇ ਲੜਕੇ ਨਵਜੋਤ ਦੇ ਮੋਬਾਇਲ ਤੋਂ ਵਟਸਐਪ ਕਾਲ ਉਸ ਦੇ ਮੋਬਾਇਲ 'ਤੇ ਆਈ ਅਤੇ ਕਿਹਾ ਕਿ ਤੁਹਾਡਾ ਲੜਕਾ ਅਸੀਂ ਨਸ਼ਾ ਕਰਦਾ ਫੜ ਲਿਆ ਹੈ। ਅਜੇ ਗੱਲ ਸਾਡੇ ਤੱਕ ਹੀ, ਅਸੀਂ ਇਥੇ ਹੀ ਨਿਬੇੜ ਦੇਵਾਂਗੇ। ਉਨ੍ਹਾਂ 50 ਹਜ਼ਾਰ ਰੁਪਏ ਦੀ ਮੰਗ ਕਰਦਿਆਂ ਕਿਹਾ ਕਿ ਤੁਸੀਂ 50 ਹਜ਼ਾਰ ਰੁਪਏ ਲੈ ਕੇ ਮਾਲੜੀ ਨਜਦੀਕ ਤਾਜ ਸਿਟੀ ਕਾਲੋਨੀ ਨਕੋਦਰ ਕੋਲ ਪਹੁੰਚੋ। ਉਨ੍ਹਾਂ ਦੱਸਿਆ ਕਿ ਪੈਸਿਆਂ ਦਾ ਇੰਤਜ਼ਾਮ ਕਰਕੇ ਵੱਡੇ ਲੜਕੇ ਨੂੰ ਨਾਲ ਲੈ ਕੇ ਦੱਸੀ ਜਗ੍ਹਾ 'ਤੇ ਉਹ ਆਪਣੀ ਗੱਡੀ ਵਿੱਚ ਪਹੁੰਚ ਗਏ। ਉਸ ਵਿਅਕਤੀ ਨੇ ਫਿਰ ਮੈਨੂੰ ਕਾਲ ਕੀਤੀ ਅਤੇ ਕਿਹਾ ਕਿ ਤੁਸੀਂ ਇਥੇ ਹੀ ਰੁਕੋ। ਮੈਂ ਆਪਣੇ ਦੋ ਸਾਥੀਆਂ ਨੂੰ ਮੋਟਰਸਾਈਕਲ 'ਤੇ ਭੇਜ ਰਿਹਾ ਹਾਂ। ਫਿਰ ਕੁਝ ਦੇਰ ਬਾਅਦ ਦੋ ਨੌਜਵਾਨ ਇਕ ਮੋਟਰਸਾਈਕਲ ਡਿਸਕਵਰ ਬਿਨ੍ਹਾਂ ਨੰਬਰੀ 'ਤੇ ਸਵਾਰ ਹੋ ਕੇ ਮਾਲੜੀ ਪਿੰਡ ਵੱਲੋਂ ਆਏ। ਜੋ ਸਾਡੀ ਗੱਡੀ ਤੋਂ ਕਰੀਬ 50 ਮੀਟਰ ਦੀ ਦੂਰੀ 'ਤੇ ਰੁਕ ਗਏ। ਫਿਰ ਉਸ ਵਿਅਕਤੀ ਨੇ ਮੇਰੇ ਲੜਕੇ ਦੇ ਮੋਬਾਇਲ ਫੋਨ ਤੋਂ ਵਟਸਐਪ ਕਾਲ ਕਰਕੇ ਕਿਹਾ ਕਿ ਉਸ ਦੇ ਸਾਥੀ ਤੁਹਾਡੇ ਕੋਲ ਪਹੁੰਚ ਗਏ ਹਨ। ਤੁਸੀਂ ਗੱਡੀ ਵਿੱਚੋਂ ਬਾਹਰ ਨਿਕਲ ਕੇ ਪੈਸੇ ਇਨ੍ਹਾਂ ਨੂੰ ਫੜਾ ਦਿਓ। ਅਸੀਂ ਕਿਹਾ ਕਿ ਅਸੀਂ ਗੱਡੀ ਵਿੱਚੋਂ ਬਾਹਰ ਨਹੀਂ ਨਿਕਲਣਾ। ਇਹ ਪੈਸੇ ਲੈਣ ਲਈ ਗੱਡੀ ਵਿੱਚ ਹੀ ਆ ਜਾਣ। ਜੋ ਸਾਡੇ ਵੱਲੋ ਗੱਡੀ ਵਿੱਚੋਂ ਨਾ ਉਤਰਨ ਕਰਕੇ ਉਨ੍ਹਾਂ ਨੌਜਵਾਨਾਂ ਨੂੰ ਸ਼ੱਕ ਹੋ ਗਿਆ ਅਤੇ ਆਪਣਾ ਮੋਟਰਸਾਈਕਲ ਜਲੰਧਰ ਵਾਲੀ ਸਾਈਡ ਭਜਾ ਕੇ ਲੈ ਗਏ। ਫਿਰ ਮੈਂ ਪਰਿਵਾਰ ਸਮੇਤ ਆਪਣੇ ਲੜਕੇ ਨਵਜੋਤ ਸਿੰਘ ਪਰੂਥੀ ਦੀ ਭਾਲ ਕਰਦਾ ਰਿਹਾ। ਕਰੀਬ 8 ਘੰਟਿਆ ਬਾਅਦ ਸ਼ਾਮ 7 ਵਜੇ ਉਕਤ ਵਿਆਕਤੀ ਉਸ ਦੇ ਲੜਕੇ ਨੂੰ ਨਕੋਦਰ-ਜਲੰਧਰ ਰੋਡ 'ਤੇ ਪਿੰਡ ਆਲੋਵਾਲ ਗੇਟ' ਤੇ ਛੱਡ ਕੇ ਫਰਾਰ ਹੋ ਗਏ। ਲੜਕੇ ਨੇ ਘਬਰਾਏ ਹੋਏ ਨੇ ਸਾਨੂੰ ਫੋਨ ਕੀਤਾ ਅਤੇ ਘਰ ਆ ਕੇ ਦੱਸਿਆ ਕਿ ਉਸ ਨੂੰ ਸਥਾਨਕ ਦੱਖਣੀ ਚੌਂਕ ਵਿਚੋਂ ਤਿੰਨ ਨੌਜਵਾਨ ਸਵਿੱਫਟ ਕਾਰ ਵਿੱਚ ਨਕੋਦਰ ਤੋਂ ਪੈਟਰੋਲ ਪੰਪ ਪਿੰਡ ਮੁੱਧ ਲੈ ਕੇ ਗਏ ਸਨ, ਜਿੱਥੋਂ ਫਿਰ ਉਸ ਨੂੰ ਜਲੰਧਰ ਲੈ ਗਏ ਸਨ। ਤਿੰਨ ਅਗਵਾਕਾਰਾਂ ਵਿੱਚੋਂ ਇਕ ਨੌਜਵਾਨ ਰੋਹਿਤ ਗਿੱਲ ਜੋ ਪੰਜਾਬ ਹੋਮ ਗਾਰਡ ਦਾ ਮੁਲਾਜ਼ਮ ਹੈ ਅਤੇ ਨਕੋਦਰ ਕਚਹਿਰੀ ਵਿਖੇ ਡਿਊਟੀ ਕਰਦਾ ਹੈ। ਲੜਕੇ ਨੇ ਦੱਸਿਆ ਕਿ ਉਹ ਆਪਸ ਵਿੱਚ ਰੋਹਿਤ ਗਿੱਲ, ਗੁਰਪ੍ਰੀਤ ਗੋਪੀ ਅਤੇ ਜੈਕਬ ਨਾਮ ਲੈ ਕੇ ਗੱਲਾਂ ਕਰਦੇ ਸਨ। ਇਨ੍ਹਾਂ ਨੇ ਲੜਕੇ ਨੂੰ ਧਮਕੀਆਂ ਦਿੱਤੀਆਂ ਕਿ ਜੇਕਰ ਤੂੰ ਇਸ ਸਬੰਧੀ ਪੁਲਸ ਨੂੰ ਇਤਲਾਹ ਦਿੱਤੀ ਤਾਂ ਤੇਰਾ ਨੁਕਸਾਨ ਕਰਾਂਗੇ।



## ਭਾਜਪਾ ਉਮੀਦਵਾਰ ਸ਼ੀਤਲ ਅੰਗੂਰਾਲ ਨੇ ਕੀਤਾ ਜ਼ਬਰਦਸਤ ਹੰਗਾਮਾ, ਕਿਹਾ- ਆਪ ਨੇ ਪਾੜੇ ਭਾਜਪਾ ਦੇ ਪੋਸਟਰ



**ਜਲੰਧਰ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਜਲੰਧਰ 'ਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਨੂੰ ਲੈ ਕੇ ਸਿਆਸਤ ਤੇਜ਼ ਹੋ ਗਈ ਹੈ। ਭਾਜਪਾ ਉਮੀਦਵਾਰ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਨੇ ਨਿਗਮ ਦੇ ਜ਼ੋਨਲ ਦਫ਼ਤਰ ਦੇ ਬਾਹਰ ਹੰਗਾਮਾ ਕੀਤਾ। ਉਨ੍ਹਾਂ ਵੱਲੋਂ ਇਸ ਮੌਕੇ ਆਮ ਆਦਮੀ ਪਾਰਟੀ ਉੱਤੇ ਜਮ ਕੇ ਨਿਸ਼ਾਨੇ ਸਾਧੇ ਗਏ ਹਨ। ਅੰਗੁਰਾਲ ਨੇ ਦੋਸ਼ ਲਾਇਆ ਹੈ ਕਿ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਭਾਜਪਾ ਵਰਕਰਾਂ ਵੱਲੋਂ ਲਾਏ ਗਏ ਪੋਸਟਰਾਂ ਨੂੰ 'ਆਪ' ਆਗੂਆਂ ਤੇ ਵਰਕਰਾਂ ਵੱਲੋਂ ਪਾੜ ਦਿੱਤਾ ਜਾਂਦਾ ਹੈ ਤੇ 'ਆਪ' ਆਗੂਆਂ ਦੇ ਪੋਸਟਰਾਂ ਨੂੰ ਹਟਾਇਆ ਨਹੀਂ ਜਾਂਦਾ। ਅੰਗੁਰਾਲ ਨੇ ਦੋਸ਼ ਲਾਇਆ ਹੈ ਕਿ ਸੂਬੇ ਵਿੱਚ 'ਆਪ' ਦੀ ਸਰਕਾਰ ਹੋਣ ਕਾਰਨ ਸਰਕਾਰ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਨੇ ਕਿਹਾ- ਚੋਣਾਂ 'ਚ ਅਧਿਕਾਰੀਆਂ ਵੱਲੋਂ ਆਮ ਆਦਮੀ ਪਾਰਟੀ ਦੀ ਮਦਦ ਕੀਤੀ ਜਾ ਰਹੀ ਹੈ। ਲੋਕ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਆਪਣੇ ਇਲਾਕਿਆਂ ਵਿੱਚ ਨਹੀਂ ਵੜਨ ਦੇ ਰਹੇ ਹਨ ਅਤੇ ਨਾ ਹੀ ਉਨ੍ਹਾਂ ਦੇ ਬੋਰਡ ਅਤੇ ਝੰਡੇ ਲਾ ਰਹੇ ਹਨ, ਜਿਸ ਕਾਰਨ 'ਆਪ' ਆਗੂ ਸਰਕਾਰੀ ਅਧਿਕਾਰੀਆਂ ਦੀ ਮਦਦ ਨਾਲ ਚੌਕਾਂ ਅਤੇ ਚੌਰਾਹਿਆਂ 'ਤੇ ਸਰਕਾਰੀ ਜਾਇਦਾਦਾਂ 'ਤੇ ਆਪਣੇ ਪੋਸਟਰ ਅਤੇ ਬੋਰਡ ਲਗਾ ਰਹੇ ਹਨ। ਅੰਗੁਰਾਲ ਨੇ ਕਿਹਾ- ਜੇ ਕੋਈ ਭਾਜਪਾ ਲਈ ਬੋਰਡ ਲਗਾਉਂਦਾ ਹੈ ਤਾਂ ਉਸ ਨੂੰ ਹਟਾ ਦਿੱਤਾ ਜਾਂਦਾ ਹੈ। ਅੰਗੁਰਾਲ ਨੇ ਕਿਹਾ- 'ਆਪ' ਵਰਕਰਾਂ ਨੇ ਬਸਤੀ ਗੁੱਜਾ ਨੇੜੇ ਭਾਜਪਾ ਦੇ ਬੋਰਡ ਉਤਾਰ ਦਿੱਤੇ। ਦੁਪਹਿਰ ਬਾਅਦ ਵਿਧਾਇਕ ਅੰਗੁਰਾਲ ਨੇ ਨਗਰ ਨਿਗਮ ਦੇ ਉਪ ਦਫ਼ਤਰ ਵਿੱਚ ਹੰਗਾਮਾ ਕਰ ਦਿੱਤਾ ਜਿਸ ਤੋਂ ਬਾਅਦ ਅੰਗੁਰਾਲ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਆਮ ਆਦਮੀ ਪਾਰਟੀ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।




# pakistan gurdwara yatra

6th november to 16th november 2024
yatra includes 25+ gurudwara sahib darshan .Accommodation in hotels and travel within pakistan and yatra start to finish point in AC coaches

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

Note: It does not include flight ticket and insurance, it has to be done by the passenger himself.

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

*-- ਗੁਰੂ ਪੰਥ ਦੇ ਸੇਵਾਦਾਰ --*


ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar


www.damdamitaksal.net
Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net






ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243





ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

# ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਡਾ. ਅੰਮ੍ਰਿਤਪਾਲ ਮਹਿਤਾ ਤੇ ਡਾ. ਬਹਾਦਰਜੀਤ ਸਿੰਘ ਵੱਲੋਂ ਰਚਿਤ "ਲੈਬ ਮੈਨੂਅਲ" ਰੀਲੀਜ਼




**ਤਲਵੰਡੀ ਸਾਬੋ, 24 ਜੂਨ (ਗੁਰਜੰਟ ਸਿੰਘ ਨਥੇਹਾ)**- ਫਸਲਾਂ ਤੋਂ ਵੱਧ ਝਾੜ ਲੈਣ ਤੇ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਐਗਰੀਕਲਚਰ ਦੇ ਮਾਹਿਰਾਂ ਵੱਲੋਂ ਖੇਤੀ ਦੇ ਖੇਤਰ ਵਿੱਚ ਖੋਜ ਕਾਰਜ਼ ਜਾਰੀ ਹਨ। ਵਿਦਿਆਰਥੀਆਂ ਨੂੰ ਖੋਜ ਕਾਰਜਾਂ ਵਿੱਚ ਪ੍ਰੋਤਸਾਹਿਤ ਕਰਨ ਲਈ 'ਵਰਸਿਟੀ ਦੇ ਉਪ ਕੁਲਪਤੀ ਪ੍ਰੋ.(ਡਾ.)ਐਸ.ਕੇ.ਬਾਵਾ ਵੱਲੋਂ ਰਜਿਸਟਰਾਰ ਡਾ. ਜੀ.ਐਸ. ਬੁੱਟਰ, ਡੀਨ ਡਾ. ਆਰ.ਪੀ. ਸਹਾਰਨ ਤੇ ਫੈਕਲਟੀ ਮੈਂਬਰਾਂ ਦੀ ਹਾਜ਼ਰੀ ਵਿੱਚ 'ਵਰਸਿਟੀ ਦੇ ਕਾਨਫਰੈਂਸ ਹਾਲ ਵਿੱਚ ਸਾਦੇ ਪਰ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਡਾ. ਅੰਮ੍ਰਿਤਪਾਲ ਮਹਿਤਾ ਤੇ ਡਾ. ਬਹਾਦਰਜੀਤ ਸਿੰਘ ਵੱਲੋਂ ਰਚਿਤ "ਲੈਬ ਮੈਨੂਅਲ" ਰੀਲੀਜ਼ ਕੀਤਾ ਗਿਆ। ਇਸ ਮੌਕੇ ਉਪ ਕੁਲਪਤੀ ਨੇ ਲੇਖਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਖੇਤੀ ਦੇ ਖੇਤਰ ਵਿੱਚ ਪੰਜਾਬ ਸਿਰਮੌਰ ਸੂਬਾ ਹੈ ਪਰ ਬਿਮਾਰੀਆਂ ਕਰਕੇ ਹਰ ਸਾਲ ਫਸਲਾਂ ਦਾ ਭਾਰੀ ਨੁਕਸਾਨ ਹੁੰਦਾ ਹੈ। ਇਸ ਲਈ ਸਮੇਂ ਸਿਰ ਬਿਮਾਰੀਆਂ ਦੀ ਪਛਾਣ ਅਤੇ ਰੋਕਥਾਮ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਪੰਜਾਬ ਵਿੱਚ ਪ੍ਰਤੀ ਏਕੜ ਝਾੜ ਘੱਟ ਹੁੰਦਾ ਹੈ। ਭਾਰਤ ਦੀ ਜਨਸੰਖਿਆ ਤੇ ਖੇਤੀ ਦੇ ਖਰਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਤੀ ਏਕੜ ਵੱਧ ਝਾੜ ਲੈਣ ਲਈ ਦੋਗਲੇ ਅਤੇ ਸੁਧਰੇ ਬੀਜ਼ਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਹੱਥਲੀ ਕਿਤਾਬ ਦੇ ਨੁਕਤੇ ਉੱਤਮ ਖੇਤੀ ਵਾਸਤੇ ਕਿਸਾਨਾਂ ਲਈ ਸਹਾਈ ਹੋਣਗੇ। ਉਨ੍ਹਾਂ ਲੇਖਕਾਂ ਦੇ ਉੱਦਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਵਰਤਮਾਨ ਸਮਾਂ ਨਵੀਂ ਤਕਨੀਕ ਅਤੇ ਲੋਕ ਹਿੱਤ ਲਈ ਖੋਜ ਕਾਰਜਾਂ ਦਾ ਹੈ, ਸੋ ਖੋਜਾਰਥੀਆਂ ਨੂੰ ਖੇਤੀ ਵਿੱਚ ਘੱਟ ਖਰਚਿਆਂ ਨਾਲ, ਵੱਧ ਝਾੜ ਲੈਣ ਅਤੇ ਲਾਹੇਵੰਦ ਧੰਦਾ ਬਣਾਉਣ ਲਈ ਹੋਰ ਖੋਜ ਕਾਰਜਾਂ ਦੀ ਲੋੜ ਹੈ। ਉਨ੍ਹਾਂ ਲਾਹੇਵੰਦ ਖੇਤੀ ਲਈ ਵਿਦਿਆਰਥੀਆਂ ਨੂੰ ਇਸ ਦਿਸ਼ਾ ਵਿੱਚ ਕੰਮ ਕਰਨ ਲਈ ਪ੍ਰੇਰਿਤ ਕੀਤਾ ਤੇ ਦੋਹੇਂ ਲੇਖਕਾਂ ਨੂੰ ਸ਼ੁਭ ਇੱਛਾਵਾਂ ਭੇਂਟ ਕੀਤੀਆਂ।ਲੇਖਕਾਂ ਅਨੁਸਾਰ ਇਹ ਲੈਬ ਮੈਨੂਅਲ ਵਿਦਿਆਰਥੀਆਂ, ਖੋਜਾਰਥੀਆਂ ਅਤੇ ਕਿਸਾਨਾਂ ਲਈ ਬੇਹੱਦ ਲਾਹੇਵੰਦ ਸਾਬਿਤ ਹੋਵੇਗਾ। ਕਿਉਂਕਿ ਇਸ ਵਿੱਚ ਸਾਰੀਆਂ ਮੁੱਖ ਅਤੇ ਬਾਗਬਾਨੀ ਫਸਲਾਂ ਦੀਆਂ ਬਿਮਾਰੀਆਂ ਦੀ ਪਛਾਣ ਕਰਨ ਅਤੇ ਰੋਕਥਾਮ ਕਰਨ ਦੀਆਂ ਵਿਧੀਆਂ ਬਹੁਤ ਸਪੱਸ਼ਟ ਅਤੇ ਸਰਲ ਤਰੀਕੇ ਨਾਲ ਦੱਸੀਆਂ ਗਈਆਂ ਹਨ। ਇਸ ਤੋਂ ਇਲਾਵਾ ਇਹ ਮੈਨੂਅਲ ਆਈ.ਸੀ.ਏ.ਆਰ ਦੇ ਸਿਲੇਬਸ ਨੂੰ ਮੱਦੇਨਜ਼ਰ ਰੱਖ ਕੇ ਤਿਆਰ ਕੀਤਾ ਗਿਆ ਹੈ ਜੋ ਕਿ ਪੌਦਾ ਰੋਗ ਵਿਗਿਆਨ ਦੇ ਦੋ ਸਬਜੈਕਟਾਂ ਨੂੰ ਕਵਰ ਕਰਦਾ ਹੈ।


24 HOURS SERVICE EVERYDAY
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra
VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757





We Accept Online & Card Payment

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote




ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫ਼ਤਹਿ ॥





## ਧੰਨ ਧੰਨ ਬਾਬਾ ਦਾਸਾ ਜੀ ਦੇ 70ਵੇਂ ਸਲਾਨਾ ਜੋੜ-ਮੇਲੇ ਦੀ ਮਿੱਠੀ ਯਾਦ ਵਿਚ ਪਿੰਡ ਸਲੇਮਪੁਰ ਮਸੰਦਾਂ ਦੀ ਸਮੂੰਹ ਸਾਧ ਸੰਗਤ ਵਲੋਂ ਗੁਰੂ ਨਾਨਕ ਗੁਰਦੁਆਰਾ ਵਾਲਸਾਲ ਰੋਡ ਵਿਲਨਹਾਲ ਵਿਖੇ

# ਧਾਰਮਿਕ ਸਮਾਗਮ 30 ਜੂਨ 2024, ਦਿਨ ਐਤਵਾਰ

ਗੁਰੂ ਪਿਆਰੀ ਸਾਧ ਸੰਗਤ ਜੀਓ, ਧੰਨ ਧੰਨ ਬਾਬਾ ਦਾਸਾ ਜੀ ਦੇ 70ਵੇਂ ਸਲਾਨਾ ਜੋੜ-ਮੇਲੇ ਦੀ ਮਿੱਠੀ ਯਾਦ ਵਿੱਚ ਪਿੰਡ ਸਲੇਮਪੁਰ ਮਸੰਦਾਂ ਦੀ ਸਾਧ ਸੰਗਤ ਦੇ ਸਹਿਯੋਗ ਨਾਲ 30 ਜੂਨ 2024 ਦਿਨ ਐਤਵਾਰ ਨੂੰ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਸੋ ਸਮੂੰਹ ਸਾਧ ਸੰਗਤ ਅਤੇ ਪਿੰਡ ਸਲੇਮਪੁਰ ਮਸੰਦਾਂ ਦੇ ਨਗਰ ਨਿਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਮਾਗਮ ਦੀ ਰੌਣਕ ਵਧਾਉਣ ਲਈ ਪਰਿਵਾਰਾਂ ਸਮੇਤ ਸ਼ਾਮਲ ਹੋ ਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### --✶ ਪ੍ਰੋਗਰਾਮ ✶--

☛ ਆਰੰਭ ਸ੍ਰੀ ਆਖੰਡਪਾਠ ਸਾਹਿਬ ਦਿਨ ਸ਼ੁਕਰਵਾਰ 28 ਜੂਨ 2024 ਸਵੇਰੇ 9:00 ਵਜੇ

☛ ਭੋਗ ਸ੍ਰੀ ਆਖੰਡਪਾਠ ਸਾਹਿਬ ਦਿਨ ਐਤਵਾਰ 30 ਜੂਨ 2024 ਸਵੇਰੇ 10 ਵਜੇ

☛ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਗੁਰਬਾਣੀ ਕੀਰਤਨ (11.00 ਵਜੇ ਸਵੇਰੇ) ਅਤੇ ਕਥਾ ਦੁਆਰਾ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ

☛ ਤਿੰਨੋਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ

"WAHEGURU JI HA KHALSA
WAHEGURU JI KI FATEH"
On the special occasion of
DHAN DHAN BABA DASSA JI'S
70TH ANNUAL MELA
AKHAND PATH SAHIB
at
Guru Nanak Sikh Gurudwara Sahib
65-67 Walsall Rd, Willenhall
WV13 2RD,
United Kingdom

*Your presence is requested to attend as per programme*
*DATES: 28th June 2024 to 30th June 2024*
*28th June*
*Arambh Sri Akhand Path Sahib:9:00am*
*30th June*
*Bhog Sri Akhand Path Sahib: 10:00am*
*Kirtan: 11:00am*
*Langar: After kirtan*
*FROM:*
*ALL SANGAT OF SALEMPUR MASSANDAN*

ਗੁਰਦੁਆਰਾ ਸਾਹਿਬ ਦਾ ਪਤਾ : **Guru Nanak Gurdawara, 65-67 Walsall Road, Willenhall, WV 13 2RD**

**ਬੇਨਤੀ ਕਰਤਾ : ਇੰਗਲੈਂਡ ਨਿਵਾਸੀ ਸਾਧ ਸੰਗਤ, ਪਿੰਡ ਸਲੇਮਪੁਰ ਮਸੰਦਾਂ ਜ਼ਿਲ੍ਹਾ ਜਲੰਧਰ (ਪੰਜਾਬ)**

30 ਜੂਨ, ਦਿਨ ਐਤਵਾਰ ਨੂੰ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਦੁਨੀਆਂ ਭਰ ਵਿੱਚ ਆਵਾਜ਼ਿ ਕੌਮ ਵੈੱਬ ਟੀ. ਵੀ. 'ਤੇ ਦੇਖਿਆ ਜਾ ਸਕਦਾ ਹੈ।

ਆਵਾਜ਼ਿ ਕੌਮ AWAZE QAUM WEB TV


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715128621

ਸ੍ਰੀ ਅਕਾਲ ਸਹਾਇ

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ

ਗੁਰਮਤਿ ਸਿਖਲਾਈ ਕੈਂਪ 2024

ਗੁਰਦੁਆਰਾ ਬੰਗਲਾ ਸਾਹਿਬ, ਰੋਹਤਕ ਵਿਖੇ ਮਿਤੀ- 26 ਮਈ ਤੋਂ 29 ਜੂਨ 2024 ਤੱਕ
ਰੋਜ਼ਾਨਾ ਸ਼ਾਮ 04:00 ਤੋਂ 07:00 ਵਜੇ ਤੱਕ

ਇਸ ਕੈਂਪ ਦੌਰਾਨ ਪੰਜਾਬੀ ਭਾਸ਼ਾ ਦਾ ਗਿਆਨ, ਸਿੱਖ ਧਰਮ ਦੀ ਮੁੱਢਲੀ ਜਾਣਕਾਰੀ, ਗੁਰਬਾਣੀ ਸ਼ੁੱਧ ਉਚਾਰਨ, ਸਿੱਖ ਇਤਿਹਾਸ ਦੀ ਜਾਣਕਾਰੀ, ਗੁਰਬਾਣੀ ਕੰਠ, ਕੀਰਤਨ ਸਿਖਲਾਈ ਅਤੇ ਦਸਤਾਰ ਸਜਾਉਣ ਦੀ ਸਿਖਲਾਈ ਦਿੱਤੀ ਜਾਵੇਗੀ ।

ਇਸ ਕੈਂਪ ਦੀ ਸਮਾਪਤੀ ਦਾ ਸਮਾਗਮ ਮਿਤੀ- 30 ਜੂਨ 2024 ਨੂੰ ਸਵੇਰੇ 10:00 ਤੋਂ ਦੁਪਹਿਰ 01:00 ਵਜੇ ਤੱਕ ਹੋਵੇਗਾ।

ਮਿਤੀ- 30 ਜੂਨ 2024 ਨੂੰ ਦੁਪਹਿਰ 12:30 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਜੀ। ਨੋਟ- ਕਕਾਰ ਮੁਫਤ ਦਿੱਤੇ ਜਾਣਗੇ ਜੀ।


ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ,
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ


ਸ. ਸੁਖਵਿੰਦਰ ਸਿੰਘ ਮੰਡੇਬਰ
ਜਰਨਲ ਸਕੱਤਰ,
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ


ਸ. ਹਰਭਜਨ ਸਿੰਘ ਰਾਠੌਰ
ਮੈਂਬਰ,
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ


ਸ. ਸੁਦਰਸ਼ਨ ਸਿੰਘ ਭਿਵਾਨੀ
ਅੰਤ੍ਰਿੰਗ ਮੈਂਬਰ,
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ


ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ,
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਬੇਨਤੀ ਕਰਤਾ- ਸਕੱਤਰ ਧਰਮ ਪ੍ਰਚਾਰ ਹਰਿਅਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਨੇਜਰ ਗੁਰਦੁਆਰਾ ਬੰਗਲਾ ਸਾਹਿਬ ਰੋਹਤਕ (ਹਰਿਆਣਾ)


### ਅੰਮ੍ਰਿਤਧਾਰੀ ਲੜਕੀ ਨੂੰ ਰਾਜਸਥਾਨ ਵਿੱਚ ਜੁਡੀਸ਼ੀਅਲ ਪੇਪਰ ਦੇਣ ਤੋਂ ਰੋਕਣਾ

# ਹਿੰਦੂਤਵੀ ਮਾਨਸਿਕਤਾ ਦਾ ਪ੍ਰਗਟਾਵਾ : ਕੇਂਦਰੀ ਸਿੰਘ ਸਭਾ

**ਚੰਡੀਗੜ੍ਹ, 24 ਜੂਨ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵਕਾਲਤ ਕਰ ਰਹੀ ਅਮ੍ਰਿੰਤਧਾਰੀ ਵਕੀਲ ਲੜਕੀ ਅਰਮਨਜੋਤ ਕੌਰ ਨੂੰ ਰਾਜਸਥਾਨ ਜੁਡੀਸ਼ੀਅਲ ਇਮਤਿਹਾਨ ਵਿੱਚ ਬੈਠਣ ਤੋਂ ਰੋਕਣਾ ਹਿੰਦੂਤਵੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਇੱਥੋਂ ਤੱਕ ਕਿ ਅੰਮ੍ਰਿਤਧਾਰੀ ਲੜਕੀ ਨੂੰ ਸਿੱਖ ਕਕਾਰ ਕ੍ਰਿਪਾਨ ਨੂੰ ਉਤਾਰਣ ਉੱਤੇ ਜ਼ੋਰ ਦੇਣਾ ਵੀ ਸੰਵਿਧਾਨ ਦੀ ਉਲੰਘਣਾ ਹੈ।ਕ੍ਰਿਪਾਨ ਰੱਖਣ ਦਾ ਅਧਿਕਾਰ

ਆਵਾਜ਼ਿ ਕੌਮ AWAZE QAUM International Newspaper & WEB TV



ਸਿੱਖਾਂ ਨੇ ਮੋਰਚਾ ਲਾ ਕੇ ਮਾਰਚ 1922 ਨੂੰ ਪ੍ਰਾਪਤ ਕੀਤੀ ਸੀ।ਇਹ ਅਧਿਕਾਰ ਆਜ਼ਾਦੀ ਤੋਂ ਬਾਅਦ ਵੀ ਬਰਕਰਾਰ ਰਿਹਾ ਕਿ ਅੰਮ੍ਰਿਤਧਾਰੀ ਸਿੱਖ 9 ਇੰਚ ਲੰਬਾਈ (6 ਇੰਚ ਬਲੇਡ) ਵਾਲੀ ਕ੍ਰਿਪਾਨ ਕਾਨੂੰਨੀ ਤੌਰ ਉੱਤੇ ਪਾ ਸਕਦੇ ਹਨ। ਸਿੰਘ ਸਭਾ ਨਾਲ ਜੁੜੇ ਚਿੰਤਕਾਂ ਨੇ ਕਿਹਾ ਜਦੋਂ ਅਰਮਨਜੋਤ ਕੌਰ ਕ੍ਰਿਪਾਨ ਪਾ ਕੇ ਚੰਡੀਗੜ੍ਹ ਵਿਖੇ ਹਾਈਕੋਰਟ ਵਿੱਚ ਵਕਾਲਤ ਕਰ ਸਕਦੀ ਹੈ ਤਾਂ ਰਾਜਸਥਾਨ ਦੇ ਜੁਡੀਸ਼ੀਅਲ ਵਿਭਾਗ ਦੇ ਅਧਿਕਾਰੀਆਂ ਵੱਲੋਂ ਰੋਕ ਲਾਉਣਾ ਬਿਲਕੁਲ ਵਾਜਬ ਨਹੀਂ ਹੈ।ਅਸਲ ਵਿੱਚ ਭਾਜਪਾ ਦੇ ਪਿਛਲੇ ਦਹਾਕੇ ਦੇ ਰਾਜ ਭਾਗ ਸਮੇਂ ਸਰਕਾਰੀ ਅਦਾਰਿਆਂ ਦੇ ਅਮਲੇ ਵੀ ਡੂੰਘੇ ਹਿੰਦੂਤਵੀ ਸਿਆਸਤ ਦੇ ਪ੍ਰਭਾਵ ਹੇਠ ਆ ਕੇ ਘੱਟ ਗਿਣਤੀਆਂ ਵਿਰੋਧੀ ਹੋ ਨਿਬੜੇ ਹਨ।ਦੂਜੇ ਪਾਸੇ ਅਕਾਲੀ ਦਲ/ਬਾਦਲ ਵੱਲੋਂ ਭਾਜਪਾ ਨਾਲ ਬਿਨ੍ਹਾਂ ਸ਼ਰਤ ਸਮਝੌਤੇ ਨੇ ਵੀ ਸਿੱਖਾਂ ਦੀ ਵੱਖਰੀ ਧਾਰਮਿਕ ਹਸਤੀ ਨੂੰ ਖੋਰਾ ਲਾਇਆ ਹੈ।ਕਈ ਦਹਾਕਿਆਂ ਤੋਂ ਅਕਾਲੀ ਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਉੱਤੇ ਕਾਬਜ਼ ਹੋਣ ਕਰਕੇ ਸਿੱਖ ਧਾਰਮਿਕ ਅਦਾਰਿਆਂ ਨੇ ਤਾਕਤਾਂ ਵੱਲੋਂ ਘੱਟ ਗਿਣਤੀਆਂ ਖਾਸ ਕਰਕੇ, ਮੁਸਲਮਾਨ ਤਬਕੇ ਉੱਤੇ ਹਿੰਦੂਤਵੀ ਹਮਲੇ, ਬਾਬਰੀ ਮਸਜਿਦ ਦੇ ਢਾਉਣ ਉੱਤੇ ਕਦੇ ਵੀ ਵਿਰੋਧ ਜ਼ਾਹਰ ਨਹੀਂ ਕੀਤਾ। ਇਸ ਤੋਂ ਇਲਾਵਾਂ ਸ਼੍ਰੋਮਣੀ ਕਮੇਟੀ ਨੇ ਮੁਸਲਮਾਨ ਔਰਤਾਂ ਦੇ ਹਿਜਾਬ/ਬੁਰਕਾ ਪਹਿਨਣ ਉੱਤੇ ਭਾਜਪਾ ਵੱਲੋਂ ਰਾਜਨੀਤੀ ਕਰਨ ਦਾ ਕਦੇ ਨੋਟਿਸ ਹੀਂ ਨਹੀਂ ਲਿਆ। ਇਸ ਤਰ੍ਹਾਂ ਹਿੰਦੂਤਵੀ ਤਾਕਤਾਂ ਦੇ ਬੁਲੰਦ ਹੋਏ ਹੌਸਲੇ ਕਰਕੇ ਹੀ ਅਰਮਨਜੋਤ ਕੌਰ ਵਰਗੇ ਗੁਰਸਿੱਖਾਂ ਉੱਤੇ ਹਿੰਦੂਤਵੀ ਤਾਕਤਾਂ ਦਾ ਵਿਰੋਧ ਝੱਲਣਾ ਪਿਆ ਹੈ।

ਸਿੰਘ ਸਭਾ ਦੀ ਅਪੀਲ ਹੈ ਕਿ ਧਰਮ-ਨਿਰਪੇਖ ਤਾਕਤਾਂ ਅਤੇ ਘੱਟ ਗਿਣਤੀਆਂ ਨੂੰ ਸਾਂਝੇ ਤੌਰ ਉੱਤੇ ਚਾਲੂ ਹਿੰਦੂਤਵੀ ਰਾਜਨੀਤੀ ਦਾ ਵਿਰੋਧ ਕਰਨਾ ਚਾਹੀਦਾ ਹੈ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਪ੍ਰੋਫੈਸਰ ਸ਼ਾਮ ਸਿੰਘ, ਪੱਤਰਕਾਰ ਜਸਪਾਲ ਸਿੰਘ ਸਿੱਧੂ, ਰਾਜਵਿੰਦਰ ਸਿੰਘ ਰਾਹੀ, ਪ੍ਰੀਤਮ ਸਿੰਘ ਰੁਪਾਲ, ਗੁਰਪ੍ਰੀਤ ਸਿੰਘ (ਪ੍ਰਤੀਨਿਧ ਗਲੋਬਲ ਸਿੱਖ ਕੌਂਸਲ) ਅਤੇ ਸੁਰਿੰਦਰ ਸਿੰਘ ਕਿਸ਼ਨਪੁਰਾ ਨੇ ਇਸ ਘਟਨਾ 'ਤੇ ਚਿੰਤਾ ਜ਼ਾਹਿਰ ਕੀਤੀ।


ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


# ਮੜੀਆਂ ਨੂੰ ਜਾਂਦਾ ਕਾਫਲਾ ਵੱਡਾ ਕਰਨ ਦੀ ਕੋਸ਼ਿਸ਼ ਕਰ ਰਿਹਾ

ਖਰਾ ਖਰਾ ਬੋਲਣਾ ਵਿਰਾਸਤ ਚ ਮਿਲਿਆ, ਖਰਾ ਬੋਲ ਕੇ ਦੁਸ਼ਮਣਾਂ ਦੀ ਗਿਣਤੀ ਵੱਧਦੀ ਆ ਬੱਸ ਮਸਲਾ ਕੋਈ ਵੀ ਹੋਵੇ, ਕਿੱਡਾ ਵੀ ਵੱਡਾ ਹੋਵੇ, ਕਿੱਡਾ ਵੀ ਛੋਟਾ ਹੋਵੇ ।ਜੇ ਵਿਚਾਲੇ ਜੱਜ ਦੇ ਰੂਪ ਦੇ ਵਿੱਚ ਬੈਠਾ ਬੰਦਾ ਸਟੈਂਡ ਵਾਲਾ ਹੋਵੇ ,ਬੁਰਾ ਬਣਨ ਤੋਂ ਨਾ ਡਰਦਾ ਹੋਵੇ ।ਤਾਂ ਮਸਲੇ ਦਾ ਹੱਲ ਹੋਣਾ ਤੈਹ ਹੁੰਦੇ । ਕਿਸੇ ਵੀ ਮਸਲੇ ਤੇ ਸਟੈਂਡ ਲੈ ਕੇ ਬੋਲਣਾ, ਤੁਹਾਡੀ ਜ਼ਿੰਦਗੀ ਚ ਦੁਸ਼ਮਣ ਖੜੇ ਕਰਦਾ ।ਪਰ ਸਿਆਣੇ ਕਹਿੰਦੇ ਨੇ , ਦੁਸ਼ਮਣ ਵੀ ਉਹਦੇ ਹੁੰਦੇ ਨੇ ਜੋ ਧਾਕੜ ਹੁੰਦੇ , ਦੋਗਲੇ ਕਿਰਦਾਰਾਂ ਦੇ ਦੁਸ਼ਮਣ ਨਹੀਂ ਹੁੰਦੇ ।ਦੋਗਲੇ ਦੇ ਸਾਰੇ ਮਿੱਤਰ ਹੀ ਹੁੰਦੇ ਨੇ ।ਤੁਹਾਡੀ ਜੁਬਾਨ ਚੋਂ ਨਿਕਲੇ ਖਰੇ ਤੇ ਸੱਚੇ ਬੋਲ , ਸਾਹਮਣੇ ਵਾਲੇ ਨੂੰ ਚੁੱਬਦੇ ਜਰੂਰ ਨੇ ।ਉਹ ਚੂਬਨ ਖਾਰ ਦੇ ਵਿੱਚ ਬਦਲ ਜਾਂਦੀ ਆ ।ਫਿਰ ਮੌਕਾ ਭਾਲਿਆ ਜਾਂਦਾ ਕਿ ਕਦੋਂ ਮੇਰੀ ਜਾੜ ਥੱਲੇ ਆਊਗਾ ਤੇ ਮੈਂ ਰਗੜ ਦੂੰਗਾ । ਬਹੁਤੀ ਵਾਰ ਤਾਂ ਤੁਹਾਡੇ ਆਪਣੇ ਨੇੜਲੇ , ਦੋਸਤ ਮਿੱਤਰਾਂ ਨੂੰ ਵੀ ਤੁਹਾਡਾ ਖਰਾ ਬੋਲਣਾ ਚੁੰਬ ਜਾਂਦੇ ।ਇਹ ਜ਼ਿੰਦਗੀ ਦੀ ਅਸਲ ਸੱਚਾਈ ਆ ।ਜਦੋਂ ਤੁਸੀਂ ਖਰਾ ਬੋਲਣ ਲੱਗ ਗਏ ਤਾਂ ਉਸ ਤੋਂ ਬਾਅਦ ਤੁਹਾਡੀ ਜਿਹੜੀ ਉਮਰ ਆ,



ਉਹ ਇੱਕਦਮ ਘੱਟ ਹੀ ਹੋ ਜਾਂਦੀ ਆ । ਇਹ ਗੱਲਾਂ ਮੈਂ ਆਪਣੇ ਪੱਲਿਓਂ ਨਹੀਂ ਕਹਿੰਦਾ, ਖਰਾ ਬੋਲਣ ਵਾਲਿਆਂ ਦਾ ਇਤਿਹਾਸ ਫਰੋਲ ਕੇ ਤੁਸੀਂ ਦੇਖ ਸਕਦੇ ਹੋ ।ਪਰ ਸਿੱਖੀ ਦਾ ਸਿਧਾਂਤ ਸਭ ਤੋਂ ਅਲੱਗ ਤੇ ਵਿਲੱਖਣ ।ਜਿਸ ਸਿਧਾਂਤ ਦੇ ਵਿੱਚ ਸਿਰਫ ਖਰੇ ਨੂੰ ਹੀ ਥਾਂ ਹੈ। ਉਸੇ ਸਿਧਾਂਤ ਤੇ ਪਹਿਰਾ ਦੇਣ ਦੀ ਕੋਸ਼ਿਸ਼ ਕਰ ਰਿਹਾ ।

**-ਪਰਗਟ ਸਿੰਘ ਬਲ਼ਬੇੜ੍ਹਾ,**
**9022000070**

ਆਵਾਜ਼ਿ ਕੌਮ AWAZE QAUM International Newspaper & WEB TV



ਸ੍ਰੀ ਅਕਾਲ ਤਖਤ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਉੱਤੇ ਹਿੰਦੁਸਤਾਨੀ ਹਕੂਮਤ ਵਲੋ ੪੦ ਸਾਲ ਪਹਿਲਾਂ ਹੋਏ ਹਮਲੇ ਅਤੇ ਜੂਨ ੧੯੮੪ ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ
ਸ਼ਹੀਦੀ ਸਮਾਗਮ
ਗੁਰੂ ਨਾਨਕ ਗੁਰਦੁਆਰਾ ਵੁਲਵਰਹੈਂਪਟਨ (ਸੈਜਲੀ ਸਟਰੀਟ). WV2 3AJ ਵਿਖੇ
ਸਨਿਚਰਵਾਰ ੬ ਜੁਲਾਈ ਅਤੇ ਐਤਵਾਰ ੭ ਜੁਲਾਈ ੨੦੨੪ ਨੂੰ ਸ਼ਹੀਦੀ ਸਮਾਗਮ ਰੱਖੇ ਗਏ ਨੇ।
ਸਨਿਚਰਵਾਰ ੫ ਵਜੇ ਤੋਂ ੮:੩੦ ਵਜੇ ਤਕ (ਹਾਲ ੪)
ਐਤਵਾਰ ੧੧:੩੦ ਵਜੇ ਤੋਂ ੪ ਵਜੇ ਤਕ (ਮੇਨ ਹਾਲ)
ਵਲੋਂ: ਦਮਦਮੀ ਟਕਸਾਲ ਜਥਾ ਯੂਕੇ ਅਤੇ ਯੂਰਪ ਅਤੇ ਸਮੂਹ ਸਾਧ ਸੰਗਤ
ORGANISED BY: DAMDAMI TAKSAL UK & EUROPE AND SADH SANGAT
SHAHEEDI SMAGAM
IN REMEMBRANCE OF THE SHAHEEDS OF 1984
GURU NANAK GURDWARA | 191 DUNCAN ST, WOLVERHAMPTON WV2 3AJ
SATURDAY 6TH (HALL 4)
5PM-8:30PM
SUNDAY 7TH (MAIN HALL)
11:30AM-4PM
AT GNG SEDGLEY STREET
BHAI HARJINDER SINGH JI 07956 007 161 | GIANI GURJINDER SINGH JI 07400 830 403
BHAI GURJIT SINGH JI 07508 943 570 | BHAI BHERVINDER SINGH JI 07985 246 484
DAMDAMI TAKSAL JATHA (UK & EUROPE)
SIKH INSPIRE
40 1984
ਸਚਖੰਡ ਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਕਾਰਜਕਾਰੀ ਮੁਖੀ ਦਮਦਮੀ ਟਕਸਾਲ ਦੇ ਅਸ਼ੀਰਵਾਰ ਸਦਕਾ
ਆਵਾਜ਼ਿ ਕੌਮ AWAZE QAUM International Newspaper & WEB TV


ਦਮਦਮੀ ਟਕਸਾਲ ਵੱਲੋ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਧ ਪਾਠ ਬੋਧ ਸਮਾਗਮ
ਅਰੰਭ 20 July 2024 ਤੋ 18 August 2024 ਤੱਕ
ਭਾਗ ਲੈਣ ਵਾਲੇ ਗੁਰਸਿੱਖਾਂ ਨੂੰ ਬੇਨਤੀ ਹੈ ਕੇ ਚਿੱਟੇ ਹਜੂਰੀਏ ਲਿਓਣ ਦੀ ਕਿਰਪਾਲਤਾ ਕਰਨ । ਸੋਮਵਾਰ ਤੇ ਸ਼ੁੱਕਰਵਾਰ ਸਮਾ 6pm ਤੋ 9pm । ਸ਼ਨੀਵਾਰ ਤੇ ਐਤਵਾਰ ਸਮਾ 2pm ਤੋ 3.30pm ਅਤੇ 4pm ਤੋ 6pm । ਦਮਦਮੀ ਟਕਸਾਲ ਦੇ facebook page, youtube channel ਅਤੇ sangat tv ਤੇ ਸਿਧਾ ਪ੍ਰਸਾਰਨ ਕੀਤਾ ਜਾਵੇਗਾ । ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ।
GURDWARA SRI GUR HAR RAI SAHIB JI
128 HIGH STREET, WEST BROMWICH (IN UNIT), UK
07454 023 665
07940 368926
07478 804 044


ਅੰਮ੍ਰਿਤ ਛਕੋ
ਸ੍ਰੀ ਅਕਾਲ ਸਹਾਇ
ਸਿੰਘ ਸਜੋ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ
ਗੁਰਮਤਿ ਸਿਖਲਾਈ ਕੈਂਪ- 2024
ਮਿਤੀ 2 ਜੂਨ ਤੋਂ 30 ਜੂਨ ਤੱਕ ਰੋਜ਼ਾਨਾ
ਗੁਰਦੁਆਰਾ ਗੁਰੂ ਨਾਨਕ ਪੁਰਾ ਨਾਰਨੌਲ - ਸਵੇਰੇ 09:00 ਤੋਂ 11:00 ਵਜੇ ਤੱਕ
ਗੁਰਦੁਆਰਾ ਕਿਰਾਰੋਦ ਨਾਰਨੌਲ - ਸ਼ਾਮ 05:00 ਤੋਂ 07:00 ਵਜੇ ਤੱਕ
ਇਸ ਕੈਂਪ ਵਿੱਚ ਪੰਜਾਬੀ ਭਾਸ਼ਾ ਦਾ ਗਿਆਨ, ਸਿੱਖ ਧਰਮ ਦੀ ਮੁਢਲੀ ਜਾਣਕਾਰੀ, ਗੁਰਬਾਣੀ ਦਾ ਸ਼ੁੱਧ ਉਚਾਰਣ ਅਤੇ ਗੁਰਮੁਖੀ ਲਿਪੀ ਦੀ ਜਾਣਕਾਰੀ ਦਿੱਤੀ ਜਾਵੇਗੀ।
ਵਿਸ਼ੇਸ਼ - ਕੈਂਪ ਦੀ ਸਮਾਪਤੀ ਤੋਂ ਉਪਰੰਤ 30 ਜੂਨ 2024 ਨੂੰ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ।
ਜਿਸ ਵਿੱਚ ਕਥਾਵਾਚਕ, ਢਾਡੀ, ਕਵੀਸ਼ਰ ਅਤੇ ਹਜੂਰੀ ਰਾਗੀ ਜਥੇ ਹਾਜਰੀ ਭਰਨਗੇ। ਇਸ ਤੋਂ ਉਪਰੰਤ ਬੱਚਿਆਂ ਅਤੇ ਪ੍ਰਬੰਧਕਾਂ ਨੂੰ ਸਨਮਾਨਿਤ ਕੀਤਾ ਜਾਵੇਗਾ।
ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸ. ਤਜਿੰਦਰਪਾਲ ਸਿੰਘ ਨਾਰਨੌਲ
ਅੰਤ੍ਰਿੰਗ ਕਮੇਟੀ ਮੈਂਬਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸ. ਸੁਖਵਿੰਦਰ ਸਿੰਘ ਮੰਡੇਬਰ
ਜਰਨਲ ਸਕੱਤਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਬੇਨਤੀ ਕਰਤਾ :- ਸਮੂਹ ਸਾਧ ਸੰਗਤ ਨਾਰਨੌਲ ਅਤੇ ਸਕੱਤਰ ਧਰਮ ਪ੍ਰਚਾਰ (ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)

ਦੇਗ ਤੇਗ ਫਤਿਹ

ਪੰਥ ਕੀ ਜੀਤ

ਅੰਮ੍ਰਿਤ ਛਕੋ – ਸਿੰਘ ਸਜੋ

ਵਿੱਦਿਆ ਸਭ ਦਾ ਮਾਣ ਹੈ, ਵਿੱਦਿਆ ਦਿੰਦੀ ਗਿਆਨ ॥
ਵਿੱਦਿਆ ਪੜ੍ਹੀਏ ਚਿੱਤ ਲਾ, ਵਿੱਦਿਆ ਦੇਈਏ ਦਾਨ ॥

ਧਰਮ ਪ੍ਰਚਾਰ ਕਮੇਟੀ H.S.G.M.C ਕੁਰੁਕਸ਼ੇਤਰ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ

# ਗੁਰਮਤਿ ਸਿਖਲਾਈ ਕੈਂਪ–2024

ਇਸ ਕੈਂਪ ਵਿਚ ਪੰਜਾਬੀ ਭਾਸ਼ਾ ਦਾ ਗਿਆਨ, ਸਿੱਖ ਧਰਮ ਦੀ ਮੁੱਢਲੀ ਜਾਣਕਾਰੀ, ਗੁਰਬਾਣੀ ਦਾ ਸ਼ੁਧ ਉਚਾਰਣ, ਸਿਖ ਇਤਿਹਾਸ ਦੀ ਜਾਣਕਾਰੀ, ਗੁਰਬਾਣੀ ਕੰਠ ਕੀਰਤਨ ਦੀ ਸਿਖਲਾਈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼੍ਰੀ ਅਖੰਡ ਪਾਠ, ਸਹਿਜ ਪਾਠ, ਸਪਤਾਹਿਕ ਸਹਿਜ ਪਾਠ ਕਰਨ ਦੇ ਨਿਯਮ ਬਾਰੇ ਜਾਣਕਾਰੀ ਦਿਤੀ ਜਾਵੇਗੀ । ਅਤੇ ਦਸਤਾਰ ਸਜਾਉਣ ਦੀ ਸਿਖਲਾਈ ਦਿਤੀ ਜਾਵੇਗੀ ।

ਇਹ ਗੁਰਮਤਿ ਕੈਂਪ ਗੁ: ਬੰਗਲਾ ਸਾਹਿਬ, ਰੋਹਤਕ ਵਿਖੇ 26 ਮਈ ਤੋਂ 29 ਜੂਨ 2024 ਤਕ ਰੋਜ਼ਾਨਾ ਸ਼ਾਮ 4:00 ਵਜੇ ਤੋਂ 7:00 ਵਜੇ ਤਕ ਚਲੇਗਾ ।

ਗੁਰਮਤਿ ਕੈਂਪ ਦੀ ਸਮਾਪਤੀ 30 ਜੂਨ 2024 ਐਤਵਾਰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਵੇਰੇ 10 ਤੋਂ 1:00 ਵਜੇ ਤਕ ਹੋਵੇਗੀ ।
ਜਿਸ ਵਿਚ ਬਚਿਆਂ ਦੁਆਰਾ ਕੀਰਤਨ, ਸਿੱਖ ਇਤਿਹਾਸ ਅਤੇ ਗੁਰਬਾਣੀ ਪ੍ਰਤਿਯੋਗਤਾ ਹੋਵੇਗੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀ ਲਗਾਇਆ ਜਾਵੇਗਾ ।

ਸਮਾਪਤੀ ਉਪਰੰਤ ਕਲਗੀਧਰ ਪਿਤਾ ਅੰਮ੍ਰਿਤਦਾਤਾ ਦੀ ਬਖਸ਼ੀਸ਼ ਅੰਮ੍ਰਿਤ ਸੰਚਾਰ ਕੀਤਾ ਜਾਵੇਗਾ ।

ਨੋਟ : ਨੌਜਵਾਨ ਬੱਚੇ ਤੇ ਬੱਚੀਆਂ ਨੂੰ ਕੇਸਾਂ ਦੀ ਬੇਅਦਬੀ ਤੇ ਨਸ਼ਿਆਂ ਤੋਂ ਦੂਰ ਰਖਣ ਲਈ ਗੁਰਮਤਿ ਕੈਂਪ ਵਿੱਚ ਜਰੂਰ ਭੇਜੋ ਜੀ

ਗੁਰਚਰਨ ਸਿੰਘ ਖਾਲਸਾ ਇੰਚਾਰਜ ਗੁਰਮਤਿ ਕਲਾਸਿਸ



## ਅੰਮ੍ਰਿਤ ਸੰਚਾਰ

ਮਿਤੀ 30 ਜੂਨ 2024 ਦਿਨ ਐਤਵਾਰ ਦੁਪਹਿਰ 12:30 ਵਜੇ

ਨੋਟ : ਕਕਾਰ ਮੁਫਤ ਦਿੱਤੇ ਜਾਣਗੇ



ਸ. ਭੁਪਿੰਦਰ ਸਿੰਘ ਜੀ ਅਸੰਧ
(ਪ੍ਰਧਾਨ H.S.G.M.C.)



ਸ0 ਹਰਭਜਨ ਸਿੰਘ ਰਾਠੌਰ
ਮੈਂਬਰ H.S.G.M.C.
M. 9896003836



ਜ0 ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ
H.S.G.M.C.

ਬੇਨਤੀ ਕਰਤਾ : ਸਕਤਰ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੇਂਟ ਕਮੇਟੀ
ਮੈਨੇਜਰ, ਗੁਰਦੁਆਰਾ ਬੰਗਲਾ ਸਾਹਿਬ, ਰੋਹਤਕ (ਹਰਿਆਣਾ)
ਸੰਪਰਕ ਨੰ: 9813230906, 9728715453, 9896828411, 9896003836, 9911325568

* Arun Printers, Quilla Mohalla, Rohtak. Ph. 9896455615



ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

**ਜ਼ਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

• ਭਾਈ ਬਲਜੀਤ ਸਿਘ ਕੰਗ/Bhai Baljit Singh Kang

+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

Website : www.nsycuk.com

E-mail : gnstuk@hotmail.com





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






www.khalsaforge.com





ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸ੍ਰੀ ਅਕਾਲ ਸਹਾਇ
ਆਵਾਜ਼ਿ ਕੌਮ
AWAZE QAUM
International Newspaper & WEB TV
ਗੁਰੂ ਘਰ ਦੇ ਮਹਾਨ ਕੀਰਤਨੀਏ
ਭਾਈ ਭਗਵੰਤ ਸਿੰਘ ਜੀ ਢੀਡਸਾਂ ਵਾਲਿਆਂ ਦੀ
ਅੰਤਿਮ ਅਰਦਾਸ ਸਮਾਗਮ
26 ਜੂਨ ਦਿਨ ਬੁੱਧਵਾਰ 2024 ਸਮਾਂ: ਸਵੇਰੇ 10 ਵਜੇ ਤੋਂ 1 ਵਜੇ ਤੱਕ
ਸਥਾਨ:ਗੁ:ਡੇਰਾ ਬਾਬਾ ਰੱਬ ਜੀ ਪਿੰਡ ਆਲਮਪੁਰ ਨੇੜੇ ਕੌਲੀ ਪਟਿਆਲਾ
ਪਹੁੰਚਣ ਦੀ ਲੋਕੇਸ਼ਨ
ਬੇਨਤੀ ਕਰਤਾ - ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਸਮੂਹ ਸੰਤ ਸਮਾਜ ਪ੍ਰੀਵਾਰ ਅਤੇ ਸਾਥੀ ਸਿੰਘ
LIVE
You Tube
KHALSA RADIO
ਢੀਂਡਸਾ ਵਾਲੇ
As KHALSA ਗੁਰਮਤਿ TV
NSK TV

# ਸਿੱਖ ਰਾਜ ਦੇ ਬਾਨੀ : ਬਾਬਾ ਬੰਦਾ ਸਿੰਘ ਬਹਾਦਰ

## ਅੱਜ ਸ਼ਹੀਦੀ ਦਿਵਸ 'ਤੇ ਵਿਸ਼ੇਸ਼

**ਲੇਵਨ ਕੋ ਬਦਲੇ ਤੁਰਕਾਨ ਤੈ**
**ਮੋਹਿ ਪਠਿਓ ਗੁਰ ਸ੍ਵੈ ਕਰਿ ਬੰਦਾ।**
**ਮਾਰਿ ਤੁਕੈ ਕਰਿ ਖ੍ਵਾਰ ਬਜੀਦਹਿ**
**ਦੈਹੁ ਉਜਾਰ ਲੁਟੈਹੁ ਸਰੰਦਾ।**
**ਲੈ ਕਰਿ ਬੈਰ ਗੁਰੈ ਪੁੱਤਰੈ**
**ਫਿਰ ਮਾਰਿ ਗਿਰੀਜੈ ਕਰੋ ਪਰਗੰਦਾ।**
**ਏਤਿਕ ਕਾਜ ਕਰੋ ਜਬ ਮੈ**
**ਤੁਮ ਜਾਨਿਉ ਮੁਝੈ ਤਬਿ ਹੀ ਗੁਰਿਬੰਦਾ। (ਪੰਥ ਪ੍ਰਕਾਸ਼)**

ਸਮੁੱਚਾ ਸਿੱਖ ਇਤਿਹਾਸ ਕੁਰਬਾਨੀਆਂ, ਸ਼ਹੀਦੀਆਂ ਅਤੇ ਤਿਆਗ ਨਾਲ ਭਰਿਆ ਪਿਆ ਹੈ। ਇਸ ਧਰਮ ਦੀ ਬੁਨਿਆਦ ਹੀ ਪਰਸੁਆਰਥ, ਪਰਉਪਕਾਰ ਅਤੇ ਦੂਜਿਆਂ ਲਈ ਆਪਾ ਵਾਰਨ ਦੇ ਸਿਧਾਂਤ ਤੇ ਹੋਈ ਹੈ। ਕਿਸੇ ਨੂੰ ਤੱਤੀਆਂ ਤਵੀਆਂ ਤੇ ਬੈਠਣਾ ਪਿਆ, ਕੋਈ ਨੀਹਾਂ ਵਿਚ ਚਿਣਵਾਇਆ ਗਿਆ, ਕਿਸੇ ਨੂੰ ਦੇਗ ਵਿਚ ਉਬਾਲਿਆ ਗਿਆ, ਕੋਈ ਚਰਖੜੀਆਂ ਤੇ ਹੱਸਦਾ-ਹੱਸਦਾ ਚੜ੍ਹ ਗਿਆ, ਕਿਸੇ ਦਾ ਬੰਦ-ਬੰਦ ਕੱਟ ਦਿੱਤਾ ਗਿਆ, ਕਿਸੇ ਦੀ ਖੋਪਰੀ ਲਾਹ ਦਿੱਤੀ ਗਈ ਤੇ ਕਿਸੇ ਦਾ ਮਾਸ ਨੋਚਿਆ ਗਿਆ ਆਦਿ-ਆਦਿ। ਅਜਿਹੀ ਸਥਿਤੀ ਵਿਚ ਹਰ ਇੱਕ ਨੂੰ ਆਪਣਾ ਧਰਮ ਬਦਲਣ ਲਈ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ, ਪਰ ਹਰ ਇਕ ਨੇ ਬਾਦਸ਼ਾਹੀਆਂ, ਨਵਾਬੀਆਂ ਅਤੇ ਉਚ-ਅਹੁਦਿਆਂ ਨੂੰ ਲੱਤ ਮਾਰ ਕੇ ਸ਼ਹਾਦਤ ਦਾ ਜਾਮ ਪੀਤਾ ਅਤੇ ਸਿੱਖੀ ਨੂੰ ਕੇਸਾਂ-ਸੁਆਸਾਂ ਸੰਗ ਨਿਭਾਇਆ।

ਅਜਿਹੇ ਹੀ ਬੇਮਿਸਾਲ ਸੂਰਬੀਰ ਸ਼ਹੀਦਾਂ ਵਿਚੋਂ ਇਕ ਸਨ - ਬਾਬਾ ਬੰਦਾ ਸਿੰਘ ਬਹਾਦਰ। ਬਾਬਾ ਬੰਦਾ ਸਿੰਘ ਦਾ ਮੁੱਢਲਾ ਨਾਂ ਲਛਮਣ ਦੇਵ ਸੀ। ਉਨ੍ਹਾਂ ਦਾ ਜਨਮ 16 ਅਕਤੂਬਰ, 1670 ਈ. ਨੂੰ ਪੁਣਛ (ਕਸ਼ਮੀਰ) ਦੇ ਰਾਜੌਰੀ ਇਲਾਕੇ ਵਿਖੇ ਸ੍ਰੀ ਰਾਮਦੇਵ ਭਾਰਦਵਾਜ ਦੇ ਘਰ ਹੋਇਆ। ਰਾਜਪੂਤੀ ਪਿਛੋਕੜ ਹੋਣ ਕਰਕੇ ਲਛਮਣ ਦੇਵ ਨੂੰ ਖੇਡਣ, ਕੁੱਦਣ ਤੇ ਸ਼ਿਕਾਰ ਕਰਨ ਦਾ ਬਹੁਤ ਸ਼ੌਕ ਸੀ।

ਇਕ ਵਾਰ ਸ਼ਿਕਾਰ ਸਮੇਂ ਲਛਮਣ ਦੇਵ ਤੋਂ ਤੀਰ ਨਾਲ ਇੱਕ ਹਿਰਨੀ ਜ਼ਖਮੀ ਹੋਣ ਪਿੱਛੋਂ ਮਰ ਗਈ ਅਤੇ ਉਸਦੇ ਪੇਟੋਂ ਜਨਮੇ ਬੱਚੇ ਉਹਦੇ ਸਾਹਮਣੇ ਤੜਫ-ਤੜਫ ਕੇ ਮਰ ਗਏ। ਇਸ ਘਟਨਾ ਨੇ ਲਛਮਣ ਦੇਵ ਦੇ ਮਨ ਤੇ ਇੰਨਾ ਪ੍ਰਭਾਵ ਪਾਇਆ ਕਿ ਉਹ ਘਰ-ਬਾਰ ਤਿਆਗ ਕੇ ਸੰਨਿਆਸੀ ਬਣ ਗਿਆ। ਉਦੋਂ ਉਹਦੀ ਉਮਰ ਕਰੀਬ 15 ਸਾਲ ਦੀ ਸੀ। ਇਕ ਬੈਰਾਗੀ ਸਾਧੂ ਜਾਨਕੀ ਪ੍ਰਸਾਦ ਦੀ ਸੰਗਤ ਵਿਚ ਆ ਕੇ ਉਹ ਲਛਮਣ ਦੇਵ ਤੋਂ ਮਾਧੋਦਾਸ ਬਣ ਗਿਆ। ਬੈਰਾਗੀ ਮੰਡਲੀ ਵਿਚ ਸ਼ਾਮਲ ਹੋ ਕੇ ਉਹ ਥਾਂ-ਥਾਂ ਭਟਕਦਾ ਰਿਹਾ ਅਤੇ ਰਾਮ ਥੰਮਣ ਦੇ ਡੇਰੇ ਕਸੂਰ ਕੋਲ ਇਕ ਹੋਰ ਬੈਰਾਗੀ ਰਾਮਦਾਸ ਨਾਲ ਉਹਦਾ ਮੇਲ ਹੋਇਆ। ਗੋਦਾਵਰੀ ਦੇ ਕੰਢੇ ਨਾਸਿਕ ਤੇ ਮਾਧੋਦਾਸ ਨੇ ਆਪਣਾ ਟਿਕਾਣਾ ਬਣਾ ਲਿਆ। ਇੱਥੇ ਹੀ ਇਕ ਪ੍ਰਸਿੱਧ ਜੋਗੀ ਔਘੜ ਨਾਥ ਨੇ ਉਹਨੂੰ ਗਿੱਧੀਆਂ-ਸਿੱਧੀਆਂ, ਜਾਦੂ-ਮੰਤਰਾਂ ਅਤੇ ਤਾਂਤਰਿਕ ਵਿਦਿਆ ਦੇ ਭੇਤ ਸਮਝਾਏ। ਹੁਣ ਮਾਧੋਦਾਸ ਨੇ ਨਾਂਦੇੜ ਨੂੰ ਆਪਣਾ ਟਿਕਾਣਾ ਬਣਾ ਲਿਆ। ਆਸਪਾਸ ਦੇ ਇਲਾਕਿਆਂ ਵਿਚ ਉਸਦੇ ਅਨੋਖੇ ਕੌਤਕਾਂ ਕਾਰਨ ਕਾਫੀ ਦਬਦਬਾ ਬਣਿਆ ਹੋਇਆ ਸੀ। ਇਨ੍ਹੀਂ ਦਿਨੀਂ ਸਤੰਬਰ 1708 ਈ. ਦੇ ਨੇੜੇ-ਤੇੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਧੋਦਾਸ ਦੇ ਇਲਾਕੇ (ਨਾਂਦੇੜ) ਪਹੁੰਚ ਗਏ। ਗੁਰੂ ਸਾਹਿਬ ਨੇ ਮਾਧੋਦਾਸ ਦੀਆਂ ਕੁਰਾਹੇ ਪਈਆਂ ਮਾਨਸਿਕ ਤੇ ਸਰੀਰਕ ਸ਼ਕਤੀਆਂ ਦਾ ਰੁਖ਼ ਮੋੜ ਕੇ ਖ਼ਾਲਸਾ ਪੰਥ ਦੀ ਸੇਵਾ ਵਿਚ ਲਾਉਣ ਦਾ ਮਨ ਬਣਾਇਆ। ਮਾਧੋਦਾਸ ਨੇ ਪੂਰੇ ਗੁਰੂ ਨੂੰ ਪਹਿਚਾਣ ਲਿਆ ਅਤੇ ਉਨ੍ਹਾਂ ਦੇ ਸਾਹਮਣੇ ਨਤਮਸਤਕ ਹੋ ਕੇ ਆਪਣੀਆਂ ਸੇਵਾਵਾਂ ਅਰਪਿਤ ਕਰ ਦਿੱਤੀਆਂ। ਅਹਿਮਦ ਸ਼ਾਹ ਬਟਾਲੀਏ ਨੇ ਆਪਣੀ ਫ਼ਾਰਸੀ ਪੁਸਤਕ 'ਇਬਤਿਦਾਇ ਸਿੰਘ ਵ ਮਜ਼ਹਬਿ ਏਸ਼ਾਂ' ਵਿਚ ਇਸ ਮੁਲਾਕਾਤ ਦਾ ਬੜਾ ਦਿਲਚਸਪ ਵੇਰਵਾ ਪੇਸ਼ ਕੀਤਾ ਹੈ :

ਮਾਧੋਦਾਸ : ਆਪ ਕੌਣ ਹੋ ?
ਗੁਰੂ ਸਾਹਿਬ : ਉਹੀ, ਜਿਸਨੂੰ ਤੂੰ ਜਾਣਦਾ ਹੈਂ।
ਮਾਧੋਦਾਸ : ਮੈਂ ਕੀ ਜਾਣਦਾ ਹਾਂ ?
ਗੁਰੂ ਸਾਹਿਬ : ਆਪਣੇ ਮਨ ਤੋਂ ਹੀ ਪੁੱਛ।
ਮਾਧੋਦਾਸ : ਆਪ ਗੁਰੂ ਗੋਬਿੰਦ ਸਿੰਘ ਹੋ ?
ਗੁਰੂ ਸਾਹਿਬ : ਹਾਂ।
ਮਾਧੋਦਾਸ : ਆਪ ਇਥੇ ਕਿਸ ਤਰਾਂ ਪਧਾਰੇ ਹੋ ?
ਗੁਰੂ ਸਾਹਿਬ : ਇਸ ਲਈ ਕਿ ਤੈਨੂੰ ਆਪਣਾ ਸਿੰਘ ਸਜਾਵਾਂ।
ਮਾਧੋਦਾਸ : ਮੈਂ ਹਾਜ਼ਰ ਹਾਂ ਹਜ਼ੂਰ। ਮੈਂ ਤਾਂ ਆਪ ਦਾ ਬੰਦਾ ਹੀ ਹਾਂ।

ਗੁਰੂ ਜੀ ਨੇ ਉਸਨੂੰ ਅੰਮ੍ਰਿਤ ਛਕਾ ਕੇ ਮਾਧੋਦਾਸ ਤੋਂ ਬੰਦਾ ਸਿੰਘ ਬਣਾ ਦਿੱਤਾ ਅਤੇ 'ਬਹਾਦਰ' ਦਾ ਲਕਬ ਪ੍ਰਦਾਨ ਕੀਤਾ। ਬੰਦਾ ਸਿੰਘ ਨੂੰ ਗੁਰੂ ਸਾਹਿਬ ਨੇ ਪੰਜ ਪਿਆਰੇ (ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ, ਭਾਈ ਰਣ ਸਿੰਘ), ਵੀਹ ਕੁ ਹੋਰ ਸਿੰਘ, ਪੰਜ ਤੀਰ, ਇੱਕ ਨਿਸ਼ਾਨ ਸਾਹਿਬ ਅਤੇ ਇਕ ਨਗਾਰਾ ਸੌਂਪ ਕੇ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਤੋਰਿਆ। ਸਫ਼ਰ ਦੌਰਾਨ ਹੀ ਬਾਬਾ ਬੰਦਾ ਸਿੰਘ ਨੂੰ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ (1708 ਈ.) ਦੀ ਸੂਚਨਾ ਮਿਲੀ। ਧਨ, ਬਾਰੂਦ ਅਤੇ ਫੌਜ ਦੀ ਅਣਹੋਂਦ ਕਾਰਨ ਅਜੇ ਉਹ ਹਕੂਮਤ ਨਾਲ ਸਿੱਧੀ ਟੱਕਰ ਨਹੀਂ ਸੀ ਲੈਣੀ ਚਾਹੁੰਦੇ। ਕੁਝ ਸਮਾਂ ਉਹ ਖਰਖੌਡੇ ਦੇ ਪਰਗਨੇ ਵਿਚ ਸਿਹਰੀ-ਖੰਡੇ ਪਿੰਡਾਂ ਦੇ ਨੇੜੇ ਰਹੇ। ਉਥੇ ਹੀ ਉਨ੍ਹਾਂ ਨੇ ਗੁਰੂ ਜੀ ਦੇ ਹੁਕਮਨਾਮੇ ਸਿੱਖਾਂ ਵੱਲ ਭੇਜੇ।

ਕੁਝ ਮਹੀਨਿਆਂ ਵਿਚ ਬਾਬਾ ਬੰਦਾ ਸਿੰਘ ਨਾਲ ਕਾਫੀ ਸੂਰਮੇ ਆ ਰਲੇ, ਜਿਨ੍ਹਾਂ ਦੀ ਮਦਦ ਨਾਲ ਉਨ੍ਹਾਂ ਨੇ ਸਮਾਣਾ ਉੱਤੇ ਹਮਲਾ ਬੋਲ ਦਿੱਤਾ। ਗੁਰੂ ਤੇਗ. ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਜੱਲਾਦ ਜਲਾਲੁਦੀਨ ਇਸੇ ਸ਼ਹਿਰ ਵਿਚ ਰਹਿੰਦਾ ਸੀ। ਇਸ ਸ਼ਹਿਰ ਨੂੰ ਖ਼ੂਬ ਲੁੱਟਿਆ ਗਿਆ ਅਤੇ 1000 ਦੇ ਲਗਭਗ ਲੋਕ ਮੌਤ ਦੇ ਘਾਟ ਉਤਾਰੇ ਗਏ। ਬਾਬਾ ਬੰਦਾ ਸਿੰਘ ਦਾ ਅਗਲਾ ਨਿਸ਼ਾਨਾ ਸਢੌਰਾ ਸੀ। ਰਾਹ ਵਿਚ ਉਨ੍ਹਾਂ ਨੇ ਘੜਾਮ, ਠਸਕਾ ਤੇ ਮੁਸਤਫਾਬਾਦ ਆਦਿ ਨੂੰ ਫ਼ਤਹਿ ਕਰਕੇ ਕਪੂਰੀ ਤੇ ਧਾਵਾ ਬੋਲਿਆ। ਕਪੂਰੀ ਦਾ ਫੌਜਦਾਰ ਕਦਮੁਦੀਨ ਹਿੰਦੂ ਲੜਕੀਆਂ ਨੂੰ ਆਪਣੀ ਕਾਮ-ਵਾਸ਼ਨਾ ਦਾ ਸ਼ਿਕਾਰ ਬਣਾਉਂਦਾ ਸੀ। ਉਸਦੇ ਦੁਰਾਚਾਰ ਦੇ ਅੱਡੇ ਨੂੰ ਮਿੱਟੀ ਵਿਚ ਮਿਲਾ ਕੇ ਬਾਬਾ ਬੰਦਾ ਸਿੰਘ ਨੇ ਸਢੌਰੇ ਵੱਲ ਮੂੰਹ ਕੀਤਾ। ਇਥੋਂ ਦੇ ਹਾਕਮ ਉਸਮਾਨ ਖ਼ਾਨ ਨੇ ਮੁਸਲਿਮ ਪੀਰ ਸੱਯਦ ਬੁੱਧੂ ਸ਼ਾਹ ਨੂੰ ਇਸ ਲਈ ਕਤਲ ਕਰਵਾ ਦਿੱਤਾ ਸੀ, ਕਿਉਂਕਿ ਉਸਨੇ ਭੰਗਾਣੀ ਦੇ ਯੁੱਧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਕੀਤੀ ਸੀ। ਇਥੇ ਵੀ ਬਾਬਾ ਬੰਦਾ ਸਿੰਘ ਦੀਆਂ ਫੌਜਾਂ ਨੂੰ ਬੇਮਿਸਾਲ ਸਫਲਤਾ ਮਿਲੀ।

ਜਦੋਂ ਬੰਦਾ ਸਿੰਘ ਬਹਾਦਰ ਨਾਂਦੇੜ ਤੋਂ ਪੰਜਾਬ ਵੱਲ ਤੁਰੇ ਸਨ ਤਾਂ ਉਨ੍ਹਾਂ ਕੋਲ 25 ਕੁ ਸਿੰਘਾਂ ਤੋਂ ਇਲਾਵਾ ਕੋਈ ਫੌਜ ਨਹੀਂ ਸੀ। ਮੁਸਲਮਾਨ ਲੇਖਕ ਖਾਫੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ ਉਨ੍ਹਾਂ ਨਾਲ 4000 ਘੋੜ ਸਵਾਰ ਤੇ 7800 ਸਿਪਾਹੀ ਪੈਦਲ ਆ ਰਲੇ। ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ 8900 ਹੋ ਗਈ ਅਤੇ ਵਧਦੀ ਹੋਈ 40,000 ਤੱਕ ਪਹੁੰਚ ਗਈ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਮੁਸਲਮਾਨ ਲੇਖਕ ਕਾਸਮ ਲਾਹੌਰੀ ਦੀ ਲਿਖਤ 'ਇਬਾਰਤਨਾਮਾ' (1722 ਈ.) ਅਨੁਸਾਰ ਸਿੱਖਾਂ ਤੇ ਮੁਗਲਾਂ ਵਿਚਕਾਰ ਘੋਲ ਗੁਰੂ ਗੋਬਿੰਦ ਸਿੰਘ ਦੇ ਜੋਤੀ-ਜੋਤਿ




ਸਮਾਉਣ ਤੋਂ ਪਿੱਛੋਂ ਸ਼ੁਰੂ ਹੋਇਆ ਅਤੇ ਇਸਨੂੰ ਸ਼ੁਰੂ ਕਰਨ ਵਾਲਾ ਬੰਦਾ ਸਿੰਘ ਬਹਾਦਰ ਸੀ। ਇਉਂ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਸਰਗਰਮ ਧਮਾਕੇ ਕੀਤੇ। ਇਸ ਧਮਾਕੇ ਨੂੰ 'ਅਜਬ ਬਲਾ' ਕਹਿਣ ਵਾਲੇ ਸਰਕਾਰੀ ਮੁਸਲਮਾਨ ਲੇਖਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਪੰਜਾਬ ਦੀ ਸਿਆਸਤ ਵਿਚ ਬੰਦਾ ਸਿੰਘ ਨੇ ਅਜਿਹੀ ਹਲਚਲ ਮਚਾਈ ਕਿ ਮੁਗਲਾਂ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ ਕਿ ਇਉਂ ਵੀ ਹੋ ਸਕਦਾ ਹੈ।

ਬਾਬਾ ਬੰਦਾ ਸਿੰਘ ਦੇ ਪੰਜਾਬ ਵਿਚ ਆਉਣ ਬਾਰੇ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ ਬਗ.ਾਵਤ ਕਰ ਦਿੱਤੀ, ਕਿਉਂਕਿ ਹੁਣ ਉਨ੍ਹਾਂ ਦੇ ਹੌਸਲੇ ਬੁਲੰਦ ਹੋ ਚੁੱਕੇ ਸਨ। ਉਹ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਨਾਲ ਆ ਰਲੇ। ਕਵੀ ਮਾਨ ਸਿੰਘ ਹਕੀਰ ਨੇ 'ਬੰਦਾ ਬਹਾਦਰ ਦੀ ਵਾਰ' ਵਿਚ ਇਸ ਤੱਥ ਨੂੰ ਇਉਂ ਚਿਤਰਿਆ ਹੈ :

**ਬੰਦਾ ਸਿੰਘ ਦੇ ਸਿੰਘ ਸੀ, ਜਿਥੇ ਵੀ ਬੁੱਕੇ,**
**ਗਾਜ਼ੀ ਵਾਂਗਰ ਗਿੱਦੜਾਂ, ਡਰ ਘਰਾਂ 'ਚ ਲੁੱਕੇ।**
**ਤੀਰ-ਪਠਾਣੀ ਬਣ ਗਏ, ਜਿਉਂ ਦੋਧੇ-ਤੁੱਕੇ।**
**ਸਿੰਘਾਂ ਵਿਚ ਮੈਦਾਨ ਦੇ, ਕਈ ਡੰਡੇ ਡੁੱਕੇ।**
**ਧੁਰ ਦਿੱਲੀ ਜਾ ਖੜਕੀਆਂ, ਤਾਰਾਂ ਤੇ ਤਾਰਾਂ।**
**ਫੌਜ-ਪਠਾਣੀ ਸਹਿ ਰਹੀ, ਹਾਰਾਂ ਤੇ ਹਾਰਾਂ।**
**ਭੜਥੂ ਪਾ ਹੈ ਰੱਖਿਆ, ਸਿੰਘਾਂ ਸਰਦਾਰਾਂ।**
**ਘੇਰਾ ਘੱਤੋ ਬੰਦੇ ਨੂੰ, ਹੁਣ ਸਭ ਸਰਕਾਰਾਂ।**

ਪਰ ਬਾਬਾ ਬੰਦਾ ਸਿੰਘ ਇਕ ਜ਼ਲਜ਼ਲੇ, ਸਮੁੰਦਰੀ ਤੂਫਾਨ ਤੇ ਬਿਜਲਈ ਸ਼ਕਤੀ ਨਾਲ ਅੱਗੇ ਤੋਂ ਅੱਗੇ ਵਧਦਾ ਚਲਾ ਗਿਆ। ਆਖਰ ਉਹ ਘੜੀ ਆ ਗਈ, ਜਿਸਦਾ ਉਹ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਦਾ ਅਸਲ ਨਿਸ਼ਾਨਾ ਸਰਹਿੰਦ ਉਤੇ ਧਾਵਾ ਬੋਲਣਾ ਸੀ। ਇਥੋਂ ਦੇ ਸੂਬੇਦਾਰ ਵਜ਼ੀਰ ਖਾਨ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਮਾਸੂਮ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ) ਨੂੰ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕੀਤਾ ਸੀ। ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਸਿੰਘਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ। (ਚੱਪੜਚਿੜੀ ਸਰਹਿੰਦ ਤੋਂ ਕਰੀਬ 12 ਕੋਹ ਦੀ ਵਿੱਥ ਤੇ ਖਰੜ- ਲਾਂਡਰਾਂ ਸੜਕ ਤੇ ਸਥਿਤ ਹੈ) 12 ਮਈ, 1710 ਈ. ਨੂੰ ਚੱਪੜਚਿੜੀ ਦੇ ਸਥਾਨ ਤੇ ਦੋਹਾਂ ਫੌਜਾਂ ਵਿਚਕਾਰ ਗਹਿਗੱਚ ਲੜਾਈ ਹੋਈ। ਭਾਈ ਫ਼ਤਹਿ ਸਿੰਘ ਅਤੇ ਭਾਈ ਕਰਮ ਸਿੰਘ ਦੀ ਅਗਵਾਈ ਹੇਠਾਂ ਸਿੰਘਾਂ ਨੇ ਬਹਾਦਰੀ ਨਾਲ ਫੈਸਲਾਕੁੰਨ ਲੜਾਈ ਲੜੀ ਅਤੇ ਵਜ਼ੀਰ ਖਾਨ ਨੂੰ ਪਾਰ ਬੁਲਾ ਦਿੱਤਾ। ਸਿੰਘਾਂ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਸਿੱਖ ਸੈਨਾ ਜਿੱਤ ਦੇ ਡੰਕੇ ਵਜਾਉਂਦੀ 14 ਮਈ, 1710 ਈ. ਨੂੰ ਸਰਹਿੰਦ ਵਿਚ ਦਾਖਲ ਹੋਈ। ਵੇਖਦੇ- ਵੇਖਦੇ ਵਸਦਾ-ਰਸਦਾ ਸਰਹਿੰਦ ਸ਼ਹਿਰ ਖੰਡਰ ਵਿਚ ਤਬਦੀਲ ਹੋ ਗਿਆ। ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਅਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ।

ਸਰਹਿੰਦ ਦੀ ਫ਼ਤਹਿ ਨੇ ਸਿੱਖਾਂ ਦਾ ਰੋਅਬ ਤੇ ਦਬਦਬਾ ਸਾਰੇ ਪੰਜਾਬ ਵਿਚ ਬਿਠਾ ਦਿੱਤਾ। ਸਤਲੁਜ ਤੋਂ ਜਮਨਾ ਤੱਕ ਸਿੰਘਾਂ ਦੀ ਹਕੂਮਤ ਕਾਇਮ ਹੋ ਗਈ। ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ। ਭਾਈ ਫ਼ਤਹਿ ਸਿੰਘ ਨੂੰ ਸਮਾਣੇ ਦਾ ਗਵਰਨਰ ਬਣਾਇਆ ਗਿਆ ਅਤੇ ਥਾਨੇਸਰ ਦੀ ਸੂਬੇਦਾਰੀ ਭਾਈ ਰਾਮ ਸਿੰਘ ਨੂੰ ਸੌਂਪੀ ਗਈ।

ਮਲੇਰਕੋਟਲਾ ਅਤੇ ਰਾਏਕੋਟ ਜਿੱਤ ਕੇ ਬਾਬਾ ਬੰਦਾ ਸਿੰਘ ਨੇ ਸਿੱਖ ਰਾਜ ਦੀ ਸਥਾਪਨਾ ਦਾ ਖ਼ਾਲਸਈ ਪਰਚਮ ਲਹਿਰਾ ਦਿੱਤਾ। ਆਪਣੀ ਹਕੂਮਤ ਨੂੰ ਪੱਕਾ ਕਰਨ ਲਈ ਉਨ੍ਹਾਂ ਨੇ ਮੁਖਲਿਸਗੜ੍ਹ ਦਾ ਪੁਰਾਣਾ ਸ਼ਾਹੀ ਕਿਲ੍ਹਾ ਮੁਰੰਮਤ ਕਰਵਾਇਆ, ਜਿਸ ਉਤੇ ਸਢੌਰੇ ਦੀ ਜਿੱਤ ਪਿੱਛੋਂ ਬਾਬਾ ਬੰਦਾ ਸਿੰਘ ਨੇ ਅਧਿਕਾਰ ਜਮਾ ਲਿਆ ਸੀ। ਇਹਦਾ ਨਾਂ ਬਦਲ ਕੇ ਲੋਹਗੜ੍ਹ ਰੱਖਿਆ ਗਿਆ ਅਤੇ ਇਸਨੂੰ ਆਪਣੀ ਰਾਜਧਾਨੀ ਬਣਾ ਲਿਆ। ਬਾਬਾ ਬੰਦਾ ਸਿੰਘ ਦੀ ਕਮਾਨ ਹੇਠ ਖ਼ਾਲਸੇ ਦੀ ਭਾਰੀ ਫੌਜ ਸੀ ਅਤੇ ਉਹ ਕਈ ਇਲਾਕਿਆਂ ਦੇ ਮਾਲਕ ਬਣ ਗਏ ਸਨ। ਉਨ੍ਹਾਂ ਨੇ ਪਹਿਲੀ ਵਾਰ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਫਾਰਸੀ ਅੱਖਰਾਂ ਵਿਚ ਸਿੱਕਾ ਜਾਰੀ ਕੀਤਾ, ਜਿਸ ਤੇ ਲਿਖਿਆ ਸੀ:

ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ.ਿ ਨਾਨਕ ਵਾਹਿਬ ਅਸਤ।
ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਿਲ ਸੱਚਾ ਸਾਹਿਬ ਅਸਤ।

(ਅਰਥਾਤ : ਸਿੱਕਾ ਮਾਰਿਆ ਦੋ ਜਹਾਨ ਉਤੇ/ਬਖਸ਼ਾਂ ਬਖਸ਼ੀਆਂ ਨਾਨਕ ਦੀ ਤੇਗ ਨੇ ਜੀ/ ਫ਼ਤਹਿ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ/ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।)

ਆਪਣੇ ਹੁਕਮਨਾਮਿਆਂ, ਫ਼ਰਮਾਨਾਂ ਜਾਂ ਚਿੱਠੀਆਂ ਆਦਿ ਉਤੇ ਲਾਉਣ ਲਈ ਉਨ੍ਹਾਂ ਨੇ ਇਕ ਮੋਹਰ ਤਿਆਰ ਕਰਵਾਈ, ਜਿਸ ਉਤੇ ਗੁਰੂ ਨਾਨਕ ਦੇਵ-ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਵਾਲੇ ਇਹ ਸ਼ਬਦ ਅੰਕਿਤ ਸਨ :

**ਦੇਗ਼ੋ ਤੇਗ਼ੋ ਫ਼ਤਹਿ ਨੁਸਰਤਿ ਬੇ-ਦਿਰੰਗ।**
**ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।**

(ਅਰਥਾਤ - ਦੇਗ. ਤੇਗ ਜਿੱਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ)

ਜਮਨਾ-ਗੰਗਾ ਅਤੇ ਦੁਆਬੇ ਦੇ ਇਲਾਕਿਆਂ ਵਿਚ ਬਾਬਾ ਬੰਦਾ ਸਿੰਘ ਨੇ ਸਹਾਰਨਪੁਰ, ਜਲਾਲਾਬਾਦ ਤੇ ਨਨੌਤਾ ਆਦਿ ਸ਼ਹਿਰ ਫ਼ਤਹਿ ਕੀਤੇ। ਅਸਲ ਵਿਚ ਸਰਹਿੰਦ ਦੀ ਜਿੱਤ ਨੇ ਸਿੱਖਾਂ ਵਿਚ ਇਕ ਨਵਾਂ ਜੋਸ਼ ਅਤੇ ਜਾਗ੍ਰਿਤੀ ਪੈਦਾ ਕਰ ਦਿੱਤੀ ਸੀ। ਮਾਝੇ ਅਤੇ ਹੋਰ ਇਲਾਕੇ ਦੇ ਸਿੰਘਾਂ ਨੇ ਇਕੱਠੇ ਹੋ ਕੇ ਅੰਮ੍ਰਿਤਸਰ ਵਿਚ ਗੁਰਮਤਾ ਸੋਧਿਆ ਅਤੇ ਪੰਜਾਬ ਦੇ ਕਈ ਇਲਾਕਿਆਂ ਉਤੇ ਅਧਿਕਾਰ ਜਮਾ ਲਿਆ। ਬਟਾਲਾ, ਕਲਾਨੌਰ ਜਿੱਤ ਕੇ ਸਿੱਖ ਸੈਨਾ ਲਾਹੌਰ ਤੱਕ ਜਾ ਪਹੁੰਚੀ।

ਸਿੰਘਾਂ ਦਾ ਅਜਿਹਾ ਦਬਦਬਾ ਵੇਖ ਕੇ ਲਾਹੌਰ ਦਾ ਸੂਬੇਦਾਰ ਅਸਲਮ ਖਾਨ ਘਬਰਾ ਗਿਆ। ਮੌਲਾਣਿਆਂ ਨੇ ਹੈਦਰੀ ਝੰਡਾ ਝੁਲਾ ਕੇ ਮੁਗਲਾਂ ਨੂੰ ਸਿੱਖਾਂ ਵਿਰੁੱਧ ਜਹਾਦ ਕਰਨ ਲਈ ਪ੍ਰੇਰਿਆ। ਸਿੱਖਾਂ ਨੇ ਕਿਲ੍ਹਾ ਭਗਵੰਤ ਰਾਏ ਤੇ ਕੋਟਲਾ ਬੇਗਮ ਤੋਂ ਮੁੜ ਜਹਾਦੀਆਂ ਨੂੰ ਭੀਲੋਵਾਲ ਪਿੰਡ ਨੇੜੇ ਅਜਿਹੀ ਕਰਾਰੀ ਹਾਰ ਦਿੱਤੀ ਕਿ ਲਾਹੌਰ ਤੋਂ ਬਿਨਾਂ ਸਾਰਾ ਮਾਝਾ ਅਤੇ ਰਿਆੜਕੀ ਦਾ ਇਲਾਕਾ ਉਨ੍ਹਾਂ ਦੇ ਅਧੀਨ ਹੋ ਗਿਆ।

ਦੁਆਬੇ ਦੇ ਸਿੰਘਾਂ ਦੀ ਦੁਆਬੇ ਦੇ ਫੌਜਦਾਰ ਸ਼ਮਸ ਖ਼ਾਨ ਨਾਲ ਟੱਕਰ ਹੋ ਗਈ। ਸਿੰਘਾਂ ਨੇ ਬਾਬਾ ਬੰਦਾ ਸਿੰਘ ਜੀ ਨੂੰ ਮਦਦ ਲਈ ਸੁਨੇਹਾ ਭੇਜਿਆ। ਰਾਹੋਂ ਵਿਚ ਇਕ ਪੁਰਾਣਾ ਭੱਠਾ ਵੇਖ ਕੇ ਉਸਦੀ ਗੜ੍ਹੀ ਬਣਾ ਲਈ। ਸਿੱਖਾਂ ਨੇ ਰਾਹੋਂ ਛੱਡ ਦਿੱਤਾ, ਪਰ ਝਾੜੀਆਂ ਵਿਚ ਛੁਪ ਕੇ ਮੌਕੇ ਦੀ ਨਜ਼ਾਕਤ ਵੇਖਦੇ ਰਹੇ। ਰਾਹੋਂ ਉਤੇ ਸ਼ਮਸ ਖਾਨ ਨੇ ਕਬਜ਼ਾ ਕੀਤਾ ਹੀ ਸੀ ਕਿ ਸਿੱਖਾਂ ਨੇ ਟਿਕਾਣਿਆਂ ਵਿਚੋਂ ਨਿਕਲ ਕੇ ਮੁਗਲ ਫੌਜ ਨੂੰ ਭਾਜੜ ਪਾ ਦਿੱਤੀ ਅਤੇ ਰਾਹੋਂ ਉਤੇ ਕਬਜ਼ਾ ਕਰ ਲਿਆ।

ਸ਼ਮਸ ਖ਼ਾਨ ਨੇ ਬਹਾਦਰ ਸ਼ਾਹ ਨੂੰ ਮਦਦ ਲਈ ਲਿਖਿਆ। 10 ਦਸੰਬਰ,1710 ਈ. ਨੂੰ ਬਹਾਦਰ ਸ਼ਾਹ ਸ਼ਾਹੀ ਫੌਜਾਂ ਲੈ ਕੇ ਲੋਹਗੜ੍ਹ ਦੇ ਨੇੜੇ ਸਢੌਰੇ ਪਹੁੰਚਿਆ ਅਤੇ ਗੜ੍ਹੀ ਦੁਆਲੇ ਘੇਰਾ ਪਾ ਲਿਆ। ਪਰ 10-11 ਦਸੰਬਰ ਦੀ ਰਾਤ ਨੂੰ ਬਾਬਾ ਬੰਦਾ ਸਿੰਘ ਆਪਣੇ ਕੁਝ ਸਾਥੀਆਂ ਸਮੇਤ ਵੈਰੀ ਨੂੰ ਧੋਖਾ ਦੇ ਕੇ ਨਾਹਨ ਦੇ ਇਲਾਕੇ ਵਿਚ ਜਾ ਛੁਪੇ,

ਬਹਾਦਰ ਸ਼ਾਹ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਲਾਹੌਰ ਵਾਪਸ ਮੁੜ ਗਿਆ। ਇਥੇ ਦਸੰਬਰ 1712 ਈ. ਨੂੰ ਉਹਦੀ ਮੌਤ ਹੋ ਗਈ। ਉਸਦੀ ਮੌਤ ਪਿੱਛੋਂ ਰਾਜ-ਗੱਦੀ ਲਈ ਝਗੜਾ ਸ਼ੁਰੂ ਹੋ ਗਿਆ। ਆਖਰ ਫਰੁੱਖਸੀਅਰ ਤਖ਼ਤ ਦਾ ਮਾਲਕ ਬਣਿਆ। ਇਸ ਦੌਰਾਨ ਸਿੱਖਾਂ ਨੇ ਮੁੜ ਆਪਣੀ ਤਾਕਤ ਇਕੱਠੀ ਕੀਤੀ ਅਤੇ ਕਲਾਨੌਰ, ਲੋਹਗੜ੍ਹ ਅਤੇ ਸਢੇਰ ਉੱਤੇ ਫਿਰ ਤੋਂ ਕਬਜ਼ਾ ਕਰ ਲਿਆ ।

ਅਕਤੂਬਰ 1713 ਈ. ਤੋਂ ਫਰਵਰੀ 1715 ਈ. ਤੱਕ ਬਾਬਾ ਬੰਦਾ ਸਿੰਘ ਨੇ ਜੰਮੂ ਵਿਚ ਆਪਣਾ ਟਿਕਾਣਾ ਬਣਾਇਆ। ਇਥੋਂ ਉਹ ਪੰਜਾਬ ਦੇ ਹਾਲਾਤ ਉਤੇ ਨਜ਼ਰ ਰੱਖਦੇ ਰਹੇ। ਜੰਮੂ ਤੋਂ ਬਾਬਾ ਬੰਦਾ ਸਿੰਘ ਅਚਾਨਕ ਪੰਜਾਬ ਪਰਤ ਆਏ ਅਤੇ ਅਚਲ ਤੋਂ ਹੁੰਦੇ ਹੋਏ ਬਟਾਲੇ ਪੁੱਜੇ, ਦੂਜੇ ਪਾਸੇ ਅਬਦੁਸ ਸਮਦ ਖਾਂ ਨੇ ਵੀ ਹੋਰਨਾਂ ਮੁਗਲਾਂ ਦੀ ਮਦਦ ਨਾਲ ਬਾਬਾ ਬੰਦਾ ਸਿੰਘ ਉਤੇ ਪੂਰੀ ਨਜ਼ਰ ਰੱਖੀ। ਇਉਂ ਚਲਾਕੀ ਨਾਲ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸਦੇ ਸਾਥੀਆਂ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘੇਰ ਲਿਆ ਗਿਆ। ਦੁਸ਼ਮਣ ਫੌਜ ਨੇ ਲਗਾਤਾਰ ਅੱਠ ਮਹੀਨੇ ਪੂਰੀ ਮੁਸਤੈਦੀ ਨਾਲ ਗੜ੍ਹੀ ਨੂੰ ਪੂਰੀ ਤਰ੍ਹਾਂ ਘੇਰੀ ਰੱਖਿਆ। ਇਸ ਦੌਰਾਨ ਸਿੱਖਾਂ ਕੋਲ ਰਾਸ਼ਨ-ਪਾਣੀ ਮੁੱਕ ਗਿਆ। ਜ਼ਿੰਦਾ ਰਹਿਣ ਲਈ ਉਨ੍ਹਾਂ ਨੇ ਦਰਖਤਾਂ ਦੇ ਪੱਤੇ, ਸੱਕ, ਟਾਹਣੀਆਂ, ਘਾਹ, ਜਾਨਵਰਾਂ ਦੀਆਂ ਹੱਡੀਆਂ ਅਤੇ ਆਪਣੇ ਪੱਟਾਂ ਦਾ ਮਾਸ ਚੀਰ ਕੇ ਖਾਧਾ। ਇਸ ਨਾਲ ਕਈ ਸਿੰਘ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਗਏ ਅਤੇ ਕਈ ਭੁੱਖ ਕਾਰਨ ਜਹਾਨੋਂ ਚੱਲ ਵਸੇ। ਪਰ ਇੰਨੀਆਂ ਮੁਸ਼ਕਿਲਾਂ ਦੇ ਬਾਵਜੂਦ ਬਾਬਾ ਬੰਦਾ ਸਿੰਘ ਅਤੇ ਉਨ੍ਹਾਂ ਦੇ ਬਹਾਦਰ ਸਾਥੀਆਂ ਨੇ ਮੁਗਲਾਂ ਦਾ ਅੱਠ ਮਹੀਨੇ ਡੱਟ ਕੇ ਮੁਕਾਬਲਾ ਕੀਤਾ।

ਆਖਰ 7 ਦਸੰਬਰ,1715 ਈ. ਨੂੰ ਸ਼ਾਹੀ ਫੌਜਾਂ ਨੇ ਗੜ੍ਹੀ ਉਤੇ ਕਬਜ਼ਾ ਕਰ ਲਿਆ। ਤਿੰਨ ਸੌ ਦੇ ਕਰੀਬ ਸਿੰਘ ਉਥੇ ਹੀ ਸ਼ਹੀਦ ਕਰ ਦਿੱਤੇ ਗਏ। ਬਾਬਾ ਬੰਦਾ ਸਿੰਘ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਸਾਰਿਆਂ ਨੂੰ ਪਹਿਲਾਂ ਲਾਹੌਰ ਦੀਆਂ ਗਲੀਆਂ ਵਿਚ ਲਿਜਾ ਕੇ ਜਲੂਸ ਕੱਢਿਆ ਗਿਆ, ਫਿਰ ਜ਼ਕਰੀਆ ਖ਼ਾਨ ਦੀ ਨਿਗਰਾਨੀ ਹੇਠ ਦਿੱਲੀ ਭੇਜਿਆ ਗਿਆ।

27 ਫਰਵਰੀ, 1716 ਈ. ਨੂੰ ਇਹ ਕਾਫ਼ਲਾ ਦਿੱਲੀ ਪਹੁੰਚਿਆ। ਸਭ ਤੋਂ ਮੂਹਰੇ ਦੋ ਹਜ਼ਾਰ ਸਿੱਖਾਂ ਦੇ ਸਿਰਾਂ ਨੂੰ ਨੇਜ਼ਿਆਂ ਉਤੇ ਟੰਗਿਆ ਹੋਇਆ ਸੀ। ਪਿੱਛੇ ਬੰਦਾ ਸਿੰਘ ਬਹਾਦਰ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰਕੇ ਇਕ ਹਾਥੀ ਉੱਤੇ ਬਿਠਾਇਆ ਹੋਇਆ ਸੀ। ਉਨ੍ਹਾਂ ਦਾ ਮਜ਼ਾਕ ਉਡਾਉਣ ਲਈ ਉਨ੍ਹਾਂ ਦੇ ਸਿਰ ਉਤੇ ਟੋਪੀਨੁਮਾ ਨੋਕਦਾਰ ਲਾਲ ਪਗੜੀ ਬੰਨ੍ਹੀ ਹੋਈ ਸੀ। ਉਸਦੇ ਪਿੱਛੇ ਜਰਾਬਖ਼ਤਰ ਪਹਿਨੀ ਇਕ ਜੱਲਾਦ ਨੰਗੀ ਤਲਵਾਰ ਲੈ ਕੇ ਖੜ੍ਹਾ ਸੀ। ਇਸਤੋਂ ਪਿੱਛੇ ਕਰੀਬ 740 ਸਿੱਖਾਂ ਨੂੰ ਭੇਡਾਂ ਦੀਆਂ ਖੱਲਾਂ ਅਤੇ ਟੋਪ ਪਹਿਨਾ ਕੇ ਊਠਾਂ ਉਤੇ ਦੋ-ਦੋ ਕਰਕੇ ਬੰਨ੍ਹਿਆ ਹੋਇਆ ਸੀ। ਪਰ ਗੁਰੂ ਦੇ ਬਹਾਦਰ ਸਿੰਘਾਂ ਦੇ ਜੱਲਾਲ ਵਿਚ ਕੋਈ ਫਰਕ ਨਹੀਂ ਸੀ। ਮੌਤ ਉਨ੍ਹਾਂ ਦੇ ਸਿਰ ਉਤੇ ਮੰਡਰਾ ਰਹੀ ਸੀ ਪਰ ਉਹ ਨਿਸ਼ਚਿੰਤ ਹੋ ਕੇ 'ਵਾਹਿਗੁਰੂ' ਦਾ ਜਾਪ ਕਰ ਰਹੇ ਸਨ।

ਫਰੁਖਸੀਅਰ ਦੇ ਹੁਕਮ ਨਾਲ ਬਾਬਾ ਬੰਦਾ ਸਿੰਘ ਬਹਾਦਰ, ਭਾਈ ਬਾਜ ਸਿੰਘ, ਭਾਈ ਫ਼ਤਹਿ ਸਿੰਘ ਅਤੇ ਕੁਝ ਹੋਰ ਸਿੱਖਾਂ ਨੂੰ ਤ੍ਰਿਪੋਲੀਆ ਜੇਲ੍ਹ ਭੇਜ ਦਿੱਤਾ ਗਿਆ। ਬਾਕੀ ਸਿੱਖਾਂ ਨੂੰ ਕਤਲ ਕਰਨ ਲਈ ਕੋਤਵਾਲ ਸਰਬਰਾਹ ਖਾਨ ਦੇ ਹਵਾਲੇ ਕਰ ਦਿੱਤਾ। 5 ਮਾਰਚ,1716 ਈ. ਨੂੰ ਸਿੱਖ ਸ਼ਹੀਦੀਆਂ ਦਾ ਖ਼ੌਫ਼ਨਾਕ ਸਿਲਸਿਲਾ ਸ਼ੁਰੂ ਹੋਇਆ। ਹਰ ਰੋਜ਼ 200 ਸਿੱਖਾਂ ਨੂੰ ਕਤਲ ਕੀਤਾ ਜਾਂਦਾ ਅਤੇ ਰਾਤੀਂ ਛਕੜਿਆਂ ਉੱਤੇ ਲੱਦ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਬਾਹਰ ਦਰਖਤਾਂ ਉੱਤੇ ਟੰਗ ਦਿੱਤਾ ਜਾਂਦਾ।

9 ਜੂਨ, 1716 ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ, ਉਨ੍ਹਾਂ ਦੇ ਮਾਸੂਮ ਪੁੱਤਰ ਅਜੈ ਸਿੰਘ, ਭਾਈ ਫਤਹਿ ਸਿੰਘ, ਭਾਈ ਬਾਜ ਸਿੰਘ ਅਤੇ ਕੁਝ ਹੋਰ ਸਿੱਖਾਂ ਨੂੰ ਇਬਰਾਹੀਮ ਖਾਨ, ਮੀਰ ਆਤਿਸ਼ ਅਤੇ ਸਰਬਰਾਹ ਖਾਨ ਕੋਤਵਾਲ ਦੀ ਨਿਗਰਾਨੀ ਹੇਠ ਜੇਲ੍ਹ ਤੋਂ ਬਾਹਰ ਕੱਢਿਆ ਗਿਆ। ਇਸ ਸਮੇਂ ਵੀ ਬਾਬਾ ਬੰਦਾ ਸਿੰਘ ਨੂੰ ਲੋਹੇ ਦੀਆਂ ਬੇੜੀਆਂ ਵਿਚ ਜਕੜਿਆ ਹੋਇਆ ਸੀ। ਉਨ੍ਹਾਂ ਦੇ ਸਿਰ ਉਤੇ ਤਿੱਲੇਦਾਰ ਲਾਲ ਪਗੜੀ ਅਤੇ ਕਮਖ਼ਾਬ ਦਾ ਚੋਗਾ ਪਹਿਨਿਆ ਹੋਇਆ ਸੀ। ਫਿਰ ਉਨ੍ਹਾਂ ਨੂੰ ਹਾਥੀ ਤੋਂ ਉਤਾਰ ਕੇ ਇਸਲਾਮ ਜਾਂ ਮੌਤ ਵਿਚੋਂ ਕਿਸੇ ਇਕ ਦੀ ਚੋਣ ਕਰਨ ਬਾਰੇ ਕਿਹਾ ਗਿਆ। ਪਰ ਬਾਬਾ ਬੰਦਾ ਸਿੰਘ ਨੇ ਇਕ ਸਿਦਕੀ ਅਤੇ ਸੱਚੇ ਸਿੱਖ ਵਾਂਗ ਮੌਤ ਨੂੰ ਪਹਿਲ ਦਿੱਤੀ। ਉਨ੍ਹਾਂ ਦੇ ਚਾਰ-ਸਾਲਾ ਬੱਚੇ ਅਜੈ ਸਿੰਘ ਨੂੰ ਉਨ੍ਹਾਂ ਦੇ ਸਾਹਮਣੇ ਕਤਲ ਕਰਕੇ ਉਸਦਾ ਤੜਫਦਾ ਦਿਲ ਬਾਬਾ ਬੰਦਾ ਸਿੰਘ ਦੇ ਮੂੰਹ ਵਿਚ ਤੁੰਨਿਆ ਗਿਆ। ਫਿਰ ਉਨ੍ਹਾਂ ਦੀ ਸੱਜੀ ਅੱਖ ਕੱਢੀ ਗਈ, ਫਿਰ ਖੱਬਾ ਪੈਰ ਵੱਢਿਆ ਗਿਆ, ਫਿਰ ਉਨ੍ਹਾਂ ਦੇ ਦੋਵੇਂ ਹੱਥ ਕੱਟ ਦਿੱਤੇ ਗਏ ਅਤੇ ਆਖਰ ਗਰਮ ਲਾਲ ਅੰਗਿਆਰ ਚਿਮਟੀਆਂ ਨਾਲ ਉਨ੍ਹਾਂ ਦੇ ਸਰੀਰ ਦਾ ਮਾਸ ਨੋਚਿਆ ਗਿਆ ਅਤੇ ਉਨ੍ਹਾਂ ਦਾ ਅੰਗ-ਅੰਗ ਵੱਖ ਕਰ ਦਿੱਤਾ ਗਿਆ। ਇਨ੍ਹਾਂ ਸਾਰੇ ਤਸੀਹਿਆਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਬੜੇ ਜਿਗਰੇ ਅਤੇ ਸਿੱਖੀ ਸਿਦਕ ਨਾਲ ਸਹਾਰਿਆ। ਇਸ ਤਰ੍ਹਾਂ ਅਕਹਿ ਤੇ ਅਸਹਿ ਕਸ਼ਟ ਸਹਾਰ ਕੇ ਅਤੇ ਆਪਣੇ ਧਰਮ ਵਿਚ ਪੱਕਾ ਰਹਿ ਕੇ ਉਹ ਸ਼ਹੀਦੀ ਪ੍ਰਾਪਤ ਕਰ ਗਏ।

ਨੋਬੇਲ ਇਨਾਮ ਜੇਤੂ ਬੰਗਲਾ ਕਵੀ ਡਾ. ਰਬਿੰਦਰ ਨਾਥ ਟੈਗੋਰ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸੂਰਬੀਰਤਾ ਨੂੰ ਰੇਖਾਂਕਿਤ ਕਰਦੀ ਇਕ ਕਵਿਤਾ 'ਬੰਦੀ ਬੀਰ' ਬੰਗਲਾ ਭਾਸ਼ਾ ਵਿਚ ਲਿਖੀ ਹੈ। ਇਸ 'ਚੋਂ ਕੁਝ ਪੰਕਤੀਆਂ ਦਾ ਹਵਾਲਾ ਦੇਣਾ ਇਥੇ ਕੁਥਾਂ ਨਹੀਂ ਹੋਵੇਗਾ :

ਪੰਜ ਪਾਣੀਆਂ ਦੀ ਧਰਤ ਉਪਰ
ਇੱਕ ਨਵੇਂ ਯੁਗ ਦਾ ਪ੍ਰਵੇਸ਼ ਹੋਇਆ।
ਦਿੱਲੀ ਦੇ ਰਾਜ ਮਹੱਲਾਂ 'ਚ ਮੁਗਲ-ਬਾਦਸ਼ਾਹ
ਉਨੀਂਦਰੇ ਕੱਟਣ ਲਗੇ।
... ... ...
ਪੰਜਾਂ ਦਰਿਆਵਾਂ ਦੀ ਧਰਤ ਉਪਰ ਸ਼ਹੀਦਾਂ ਦਾ ਲਹੂ
ਸਮਕਾਲੀ ਜ਼ੁਲਮ ਵਿਰੁੱਧ ਬਗ.ਾਵਤ ਕਰ ਉਠਿਆ।
... ... ...
ਬੰਦਾ ਬਹਾਦਰ ਦੀ ਦੇਹ ਨੂੰ
ਜ਼ੰਬੂਰਾਂ ਨਾਲ ਨੋਚਿਆ ਗਿਆ।
ਬੋਟੀ-ਬੋਟੀ ਕਰ ਦਿਤਾ ਗਿਆ
ਬਲੀ ਯੋਧਾ 'ਸੀਅ' ਨਾ ਆਖਦਿਆਂ
ਸੁਆਸ ਤਿਆਗ ਗਿਆ।
ਦਰਬਾਰ ਵਿਚ ਹਾਜ਼ਰ ਸਮੂਹ ਦਰਬਾਰੀਆਂ ਨੇ
ਅੱਖਾਂ ਮੁੰਦ ਲਈਆਂ
ਸਾਰੇ ਦਰਬਾਰੀ ਡੂੰਘੀਆਂ ਸੋਚਾਂ ਵਿਚ ਡੁੱਬ ਗਏ।

ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਹੇਠ ਲਿਖੀਆਂ ਇਤਿਹਾਸਕ ਯਾਦਗਾਰਾਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਮਿਲਦੀਆਂ ਹਨ :

1. ਜੰਮੂ ਦੇ ਪਹਾੜੀ ਇਲਾਕੇ ਵਿਚ ਕਟੜੇ ਤੋਂ ਸੱਤ ਕੋਹ ਅਤੇ ਰਿਆਸੀ ਤੋਂ ਨੌਂ ਮੀਲ ਦੂਰ ਝਨਾਂ ਦੇ ਕੰਢੇ ਇਕ ਬੜਾ ਦਿਲਖਿੱਚਵਾਂ ਸਥਾਨ ਹੈ - ਡੇਰਾ ਬਾਬਾ ਬੰਦਾ ਸਾਹਿਬ। ਇਥੇ ਆ ਕੇ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੈਨਾ ਨੂੰ ਯੁੱਧ ਦੀ ਸਿਖਲਾਈ ਦਿੰਦੇ ਰਹੇ।

2. ਸਰਹਿੰਦ ਤੋਂ ਕੁਝ ਦੂਰ ਅੱਗੇ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੀ ਡਿਊਢੀ ਤੇ ਬਾਬਾ ਬੰਦਾ ਸਿੰਘ ਬਹਾਦਰ ਗੇਟ ਬਣਿਆ ਹੋਇਆ ਹੈ।

3. ਫ਼ਤਹਿਗੜ੍ਹ ਸਾਹਿਬ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਤੇ ਇੰਜੀਨੀਅਰਿੰਗ ਕਾਲਜ ਸਥਾਪਤ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਹੈ।

4. ਧਾਰੀਵਾਲ ਤੋਂ ਗੁਰਦਾਸਪੁਰ ਜਾਂਦਿਆਂ ਗੁਰਦਾਸ ਨੰਗਲ ਦੀ ਥੇਹ ਤੇ ਇਕ ਯਾਦਗਾਰੀ ਗੁਰਦੁਆਰਾ ਹੈ। ਇਥੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

5. ਨਾਂਦੇੜ (ਮਹਾਂਰਾਸ਼ਟਰ) ਵਿਖੇ ਗੁਰਦੁਆਰਾ ਬੰਦਾ ਘਾਟ ਹੈ। ਇਥੇ ਹੀ ਸੰਨ 1708 ਈ. ਵਿਚ (ਮਾਧੋਦਾਸ ਬੈਰਾਗੀ ਵਜੋਂ) ਬਾਬਾ ਬੰਦਾ ਸਿੰਘ ਬਹਾਦਰ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਮੁਲਾਕਾਤ ਹੋਈ ਸੀ।

6. ਗ੍ਰੇਟਰ ਮੋਹਾਲੀ ਸਰਹਿੰਦ ਵਿਖੇ ਗੁਰਦੁਆਰਾ ਸ਼ਹੀਦ ਗੰਜ, ਮੈਦਾਨ ਚੱਪੜਚਿੜੀ ਹੈ, ਜਿਥੇ ਸੂਬਾ ਸਰਹਿੰਦ ਵਜ਼ੀਰ ਖਾਨ ਅਤੇ ਬਾਬਾ ਬੰਦਾ ਸਿੰਘ ਬਹਾਦਰ ਵਿਚਕਾਰ ਹੋਈ ਫੈਸਲਾਕੁੰਨ ਲੜਾਈ ਵਿਚ ਵਜ਼ੀਰ ਖਾਨ ਮਾਰਿਆ ਗਿਆ ਅਤੇ ਅਨੇਕਾਂ ਸਿੰਘ ਸ਼ਹੀਦ ਹੋਏ ਸਨ।

7. ਸਢੌਰੇ ਤੋਂ ਕਰੀਬ 20 ਕਿਲੋਮੀਟਰ ਦੂਰ ਗੁਰਦੁਆਰਾ ਕਿਲ੍ਹਾ ਲੋਹਗੜ੍ਹ ਹੈ, ਜਿਸਦਾ ਪਹਿਲਾ ਨਾਂ ਮੁਖਲਿਸਗੜ੍ਹ ਸੀ। ਇਸਨੂੰ ਸਿੱਖਾਂ ਦੀ ਪਹਿਲੀ ਰਾਜਧਾਨੀ ਹੋਣ ਦਾ ਮਾਣ ਪ੍ਰਾਪਤ ਹੈ। ਇਥੇ ਹੀ ਸਿੱਖ ਰਾਜ ਦੀ ਨੀਂਹ ਰੱਖੀ ਗਈ।

8. ਦਿੱਲੀ ਵਿਖੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ, ਮਹਿਰੌਲੀ ਹੈ। ਇਸ ਥਾਂ ਤੇ ਬਾਬਾ ਬੰਦਾ ਸਿੰਘ ਬਹਾਦਰ, ਉਨ੍ਹਾਂ ਦੇ ਮਾਸੂਮ ਬੱਚੇ ਅਜੈ ਸਿੰਘ ਅਤੇ ਪ੍ਰਮੁੱਖ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਸੀ।

ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਲੜਨਾ, ਜਿੱਤਣਾ ਅਤੇ ਰਾਜ ਕਰਨਾ ਸਿਖਾਇਆ। ਬੰਦਾ ਸਿੰਘ ਬਹਾਦਰ ਦੇ ਕਾਰਨਾਮੇ ਅਤੇ ਉਨ੍ਹਾਂ ਦੀ ਸ਼ਹਾਦਤ ਸਿੱਖ ਇਤਿਹਾਸ ਦੀ ਗੌਰਵਮਈ ਗਾਥਾ ਹੈ। ਮੁਗਲ ਹਾਕਮ ਉਨ੍ਹਾਂ ਦੇ ਨਾਮ ਤੋਂ ਥਰ-ਥਰ ਕੰਬਦੇ ਸਨ। ਇੱਕੋ ਝਟਕੇ ਨਾਲ ਪਲੋ-ਪਲੀ ਹਨੇਰੀ ਵਾਂਗ ਪ੍ਰਗਟ ਹੋ ਕੇ ਜ਼ੁਲਮ ਦੇ ਰਾਜ ਦਾ ਸਰਵਨਾਸ਼ ਕਰਕੇ ਸੁਤੰਤਰ ਖ਼ਾਲਸਾ ਰਾਜ ਦੀ ਪਹਿਲੀ ਸਥਾਪਨਾ ਕਰਨ ਦਾ ਮਾਣ ਨਿਸਚੈ ਹੀ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਾਂਦਾ ਹੈ। ਬੰਦਾ ਸਿੰਘ ਬਹਾਦਰ ਇਕ ਮਹਾਨ ਜਰਨੈਲ, ਜੰਗਜੂ, ਨਿਰਭੈ ਯੋਧੇ ਅਤੇ ਸੱਚੇ ਸ਼ਰਧਾਲੂ ਸਿੱਖ ਦੇ ਤੌਰ ਤੇ ਉਭਰੇ, ਜਿਨ੍ਹਾਂ ਨੇ ਦੁਸ਼ਮਣ ਦੀਆਂ ਫੌਜਾਂ ਨਾਲ ਆਪ ਟੱਕਰ ਲੈ ਕੇ ਇਹ ਸਿੱਧ ਕਰ ਵਿਖਾਇਆ ਕਿ ਖ਼ਾਲਸਾ ਕੌਮ ਸਿਰਫ ਸ੍ਵੈ-ਰੱਖਿਆ ਲਈ ਹੀ ਨਹੀਂ ਲੜਦੀ, ਸਗੋਂ ਜ਼ਾਲਮ ਨੂੰ ਉਹਦੇ ਘਰ ਜਾ ਕੇ ਵੀ ਸੋਧਣ ਦੀ ਸਮਰੱਥਾ ਰੱਖਦੀ ਹੈ। ••

# ਖ਼ਾਲਸਾ ਜੀਓ ਸਾਵਧਾਨ ! ਕਾਮਰੇਡ ਹਮਦਰਦ ਅਕਾਲੀ ਦਲ ਨੂੰ ਬਚਾਉਣ ਲਈ ਹੋਏ ਸਰਗਰਮ !

## ਕੀ ਹੁਣ ਬਿੱਲੀ ਦੁੱਧ ਦੀ ਰਾਖੀ ਕਰੇਗੀ ?

ਵਿਚਾਰ ਆਪੋ-ਆਪਣਾ

ਲੋਕ ਸਭਾ ਚੋਣਾਂ ਦੀ ਹਾਰ ਤੋਂ ਬਾਅਦ ਪਿਛਲੇ ਤਿੰਨ ਦਹਾਕਿਆਂ ਤੋਂ ਬਾਦਲ ਪ੍ਰਵਾਰ ਦੀ ਕਿਸ਼ਤੀ ਵਿੱਚ ਸਵਾਰ ਬਹੁਤਾਂਤ ਅਕਾਲੀ ਆਗੂਆਂ ਨੂੰ ਮਹਿਸੂਸ ਹੋਣ ਲੱਗ ਪਿਆ , ਕਿ ਜਿਸ ਕਿਸ਼ਤੀ ਵਿੱਚ ਸਵਾਰ ਹੋਕੇ ਉਹਨਾਂ ਸੱਤਾ ਦੇ ਝੂਟੇ ਲਏ ਅਤੇ ਆਪਣੇ ਸਵਾਰਥਾਂ ਦੀ ਭੁੱਖ ਨੂੰ ਪੂਰਾ ਕੀਤਾ ਸੀ ,ਉਹ ਕਿਸ਼ਤੀ ਉਹਨਾਂ ਨੂੰ ਸੱਤਾ ਦੇ ਇਸ ਸਾਗਰ ਵਿੱਚ ਅੱਧਵਾਟੇ ਡੋਬ ਸਕਦੀ । ਜਿਸ ਕਰਕੇ ਉਹਨਾਂ ਨੂੰ ਹੱਥਾਂ -ਪੈਰਾਂ ਦੀ ਪਈ ਹੋਈ ਹੈ ।ਅਕਾਲੀ ਆਗੂਆਂ ਦੀ ਇਹ ਬੁਖਲਾਹਟ ਪਿਛਲੇ ਹਫਤੇ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਮੀਡੀਏ ਵਿੱਚ ਉਹਨਾਂ ਦੇ ਆਏ ਬਿਆਨਾਂ ਤੋ ਸਾਫ ਝਲਕਦੀ ਦਿਸ ਰਹੀ ਹੈ ।ਅਕਾਲੀ ਦਲ ਦੇ ਆਗੂਆਂ ਨੂੰ ਪਿਛਲੇ ਤਿੰਨ ਦਹਾਕਿਆਂ ਦੀ ਸਵਾਰਥਾਂ ਭਰੀ ਕੁੰਭਕਰਨੀ ਨੀਂਦ ਤੋਂ ਬਾਅਦ ਹੁਣ ਜਾਪਣਾ ਸ਼ੁਰੂ ਹੋ ਗਿਆ ਕਿ ਅਕਾਲੀ ਦਲ ਆਪਣੀ ਪੰਥਕ ਵਿਰਾਸਤ ਅਤੇ ਰਵਾਇਤਾਂ ਤੋ ਦੂਰ ਜਾਣ ਦੀ ਵਜ੍ਹਾ ਕਰਕੇ ਲੋਕਾਂ ਦਾ ਵਿਸ਼ਵਾਸ ਗਵਾ ਚੁੱਕਿਆ ਹੈ ।ਅਕਾਲੀ ਦਲ ਦੇ ਕਈ ਸੀਨੀਅਰ ਆਗੂ ਅਕਾਲੀ ਦਲ ਵਿੱਚ ਆਈ ਸਿਆਸੀ ਅਤੇ ਇਖਲਾਕੀ ਗਿਰਾਵਟ ਦਾ ਤੋੜਾ ਕੇਵਲ ਸੁਖਬੀਰ ਬਾਦਲ ਸਿਰ ਝਾੜ ਕੇ ਆਪਣੇ ਪਾਪਾਂ ਅਤੇ ਗੁਨਾਹਾਂ ਤੋਂ ਬਰੀ ਹੋਣ ਦੇ ਚਲਾਕੀ ਭਰੇ ਏਜੰਡੇ ਅਧੀਨ ਸਿੱਖਾਂ ਨਾਲ ਇੱਕ ਹੋਰ ਧੋਖਾ ਕਰਨ ਦੀ ਸ਼ਾਜਿਸ ਰਚਦੇ ਨਜ਼ਰ ਆ ਰਹੇ ਹਨ ।ਇਹ ਸ਼ਾਜਿਸ਼ ਉਸ ਸਮੇਂ ਪੂਰੀ ਤਰ੍ਹਾਂ ਨੰਗੀ ਹੋ ਗਈ ,ਜਦੋਂ ਇਹ ਖ਼ਬਰ ਆਈ ਕਿ ਅਜੀਤ ਅਖਬਾਰ ਦੇ ਸੰਪਾਦਕ ਕਾਮਰੇਡ ਬਰਜਿੰਦਰ ਹਮਦਰਦ ਦੇ ਵਾੜੇ ਵਿੱਚ ਵੱਖਰੀ ਸੁਰ ਰੱਖਣ ਵਾਲੇ ਅਕਾਲੀ ਆਗੂਆਂ ਨੇ ਮੀਟਿੰਗ ਕਰਕੇ ਵਿਚਾਰਾਂ ਕੀਤੀਆ , ਅਤੇ ਅਕਾਲੀ ਦਲ ਬਚਾਓ ਮੋਰਚਾ ਬਣਾਕੇ ਅਕਾਲੀ ਦਲ ਵਿੱਚ ਲੀਡਰਸ਼ਿਪ ਤਬਦੀਲੀ ਦੀ ਮੁਹਿੰਮ ਨੂੰ ਦਲ ਦੇ ਅੰਦਰ ਰਹਿੰਦਿਆਂ ਚਲਾਉਣ ਦਾ ਫੈਸਲਾ ਲਿਆ ਹੈ ।ਰਾਜਸੀ ਸਰਗਰਮੀਆਂ ਦੀ ਜਾਣਕਾਰੀ ਰੱਖਣ ਵਾਲੇ ਸੱਜਣਾਂ ਨੂੰ ਇਹ ਜਾਣਕਾਰੀ ਹੋਵੇਗੀ ਕਿ ਸੁਖਬੀਰ ਪ੍ਰਤੀ ਬਾਗ਼ੀ ਸੁਰ ਰੱਖਣ ਵਾਲੇ ਚੰਦੂਮਾਜਰਾ ਅਤੇ ਢੀਡਸਾ ਸਮੇਤ ਇਹਨਾਂ ਕਈ ਆਗੂਆਂ ਨੇ ਚੋਣਾਂ ਤੋ ਪਹਿਲਾ ਭਾਜਪਾ ਨਾਲ ਚੋਣ ਸਮਝੌਤੇ ਦੀ ਵਕਾਲਤ ਕੀਤੀ ਸੀ ਅਤੇ ਚੋਣਾਂ ਤੋ ਪਹਿਲਾ ਭਾਜਪਾ ਨਾਲ ਸਮਝੋਤੇ ਦੀ ਵਿਚੋਲਗਿਰੀ ਕਾਮਰੇਡ ਹਮਦਰਦ ਕਰ ਰਿਹਾ ਸੀ ।ਚੋਣਾਂ ਤੋਂ ਪਹਿਲਾਂ ਭਾਜਪਾ ਦਾ ਹੀ ਇਹ ਸੁਝਾਅ ਸੀ ਕਿ ਗੱਠਜੋੜ ਦੇ ਬਾਵਜੂਦ ਵੀ ਚੋਣਾਂ ਨਹੀ ਜਿੱਤੀਆਂ ਜਾ ਸਕਦੀਆਂ ,ਜੇਕਰ ਅਕਾਲੀ ਦਲ ਸੁਖਬੀਰ ਨੂੰ ਹਟਾ ਕੇ ਲੀਡਰਸ਼ਿਪ ਵਿੱਚ ਬਦਲਾਓ ਨਹੀ ਕਰਦਾ ।ਲੀਡਰਸ਼ਿਪ ਤਬਦੀਲੀ ਦੇ ਫੈਸਲੇ ਨੂੰ ਪ੍ਰਭਾਵੀ ਬਨਾਉਣ ਲਈ ਭਾਜਪਾ ਅਤੇ ਬਰਜਿੰਦਰ ਹਮਦਰਦ ਦੀ ਸਹਿਮਤੀ ਨਾਲ ਹੀ ਢੀਂਡਸਾ ਅਤੇ ਬੀਬੀ ਜਾਗੀਰ ਕੌਰ ਦੀ ਘਰ ਵਾਪਸੀ ਕਰਵਾਈ ਗਈ ਸੀ ।ਦਰਅਸਲ ਕੇਂਦਰੀ ਏਜੰਸੀਆਂ ਸਿੱਖਾਂ ਵਿੱਚ ਅਕਾਲੀ ਦਲ ਦੇ ਪੰਥਕ ਸਰੂਪ ਦੇ ਖਤਮ ਹੋਣ ਪ੍ਰਤੀ ਪ੍ਰਗਟਾਈ ਜਾ ਰਹੀ ਫਿਕਰਮੰਦੀ ਨੂੰ ਇੱਕ ਬਹੁਤ ਵੱਡੀ ਚਨੌਤੀ ਦੇ ਰੂਪ ਵਿੱਚ ਦੇਖ ਰਹੀਆ ਹਨ ।ਕੇਂਦਰ ਸਰਕਾਰ ਸਿੱਖ ਮਾਨਸਿਕਤਾ ਵਿਚਲੀ ਇਸ ਹਿਲ-ਜੁਲ ਤੋਂ ਬਹੁਤ ਚੌਕਸ ਹੈ ।

ਕੇਂਦਰੀ ਸਰਕਾਰ ਇਹ ਬਿਲਕੁਲ ਨਹੀ ਚਾਹੁੰਦੀ ਕਿ ਸਿੱਖ ਸੰਸਥਾਵਾਂ ਦੀ ਅਗਵਾਈ ਇਮਾਨਦਾਰ ,ਸਮਝਦਾਰ ਅਤੇ ਗੁਰਮਤਿ ਨੂੰ ਰੂਹ ਤੋਂ ਪ੍ਰਣਾਏ ਤੰਦਰੁਸਤ ਅਤੇ ਗੈਰਤਮੰਦ ਜ਼ਮੀਰ ਵਾਲੇ ਪੰਥ ਨੂੰ ਸਮਰਪਿਤ ਨਿਸ਼ਕਾਮ ਲੋਕਾਂ ਦੇ ਹੱਥ ਆਵੇ ।ਕੇਂਦਰ ਸਰਕਾਰ ਚਾਹੁੰਦੀ ਹੈ ਕਿ ਕੇਵਲ ਲੀਡਰਸ਼ਿਪ ਵਿੱਚ ਤਬਦੀਲੀ ਦਾ ਭੁਲੇਖਾ ਸਿਰਜ ਕੇ ਸਿੱਖ ਮਾਨਸਿਕਤਾ ਵਿੱਚ ਆਏ ਇਸ ਤੁਫਾਨ ਨੂੰ ਠੱਲ ਲਿਆ ਜਾਵੇ ।ਏਸੇ ਕਰਕੇ ਕੇਂਦਰੀ ਏਜੰਸੀਆਂ ਨੇ ਆਪਣੇ ਵਿਸ਼ਵਾਸਯੋਗ 'ਦਲਾਲ' ਕਾਮਰੇਡ ਹਮਦਰਦ ਨੂੰ ਸਰਗਰਮ ਕਰਕੇ ਸਾਰੀ ਕਮਾਂਡ ਆਪਣੇ ਹੱਥ ਲੈਣ ਦਾ ਇਸ਼ਾਰਾ ਕਰ ਦਿੱਤਾ ਹੈ । ਕਾਮਰੇਡ ਕਾਰਡ ਹੋਲਡਰ ਅਤੇ ਸਿੱਖੀ ਨਾਲ ਅੰਤ ਦਾ ਵੈਰ ਕਮਾਉਣ ਵਾਲੇ ਕਾਮਰੇਡ ਹਰਕਿਸ਼ਨ ਸੁਰਜੀਤ ਦਾ ਮੁਤਬੰਨਾ ਪੁੱਤਰ ਬਰਜਿੰਦਰ ਹਮਦਰਦ, ਜਿਸ ਨੂੰ ਉਸਦੇ ਬਾਪ ਸਾਧੂ ਸਿੰਘ ਹਮਦਰਦ ਨੇ ਉਸਦੇ ਨਾਪਾਕ ਵਿਚਾਰਾਂ ਕਰਕੇ ਨਾ ਕਦੇ ਕੇਵਲ ਅਜੀਤ ਅਖਬਾਰ ਦੇ ਨੇੜ ਢੁੱਕਣ ਦਿੱਤਾ ,ਸਗੋਂ ਘਰੋ ਵੀ ਕੱਢ ਦਿੱਤਾ ਸੀ ।ਸਾਧੂ ਸਿੰਘ ਹਮਦਰਦ ਦੀ ਮੌਤ ਤੋਂ ਬਾਅਦ ਬਰਜਿੰਦਰ ਨੇ ਸਰਕਾਰੀ ਸਰਪ੍ਰਸਤੀ ਅਤੇ ਕਾਮਰੇਡ ਹਰਿਕਿਸ਼ਨ ਸੁਰਜੀਤ ਦੀ ਮਦਦ ਨਾਲ ਅਜੀਤ ਅਖਬਾਰ ਉੱਪਰ ਸ਼ਾਜਿਸ਼ੀ ਢੰਗ ਨਾਲ ਕਬਜ਼ਾ ਕਰ ਲਿਆ ਸੀ ।ਉਸ ਤੋਂ ਬਾਅਦ ਬਰਜਿੰਦਰ ਹਮਦਰਦ ਲਗਾਤਾਰ ਕੇਂਦਰੀ ਏਜੰਸੀਆਂ ਦੇ ਪੰਥਕ ਰਾਜਨੀਤੀ ਨੂੰ ਖਤਮ ਕਰਨ ਦੇ ਏਜੰਡੇ ਨੂੰ ਸਿਰੇ ਚੜ੍ਹਾਉਣ ਦਾ ਮੁੱਖ ਸੂਤਰਧਾਰ ਚੱਲਿਆ ਆ ਰਿਹਾ ਹੈ ।ਉਸਨੇ ਇਸ ਏਜੰਡੇ ਨੂੰ ਲਾਗੂ ਕਰਨ ਲਈ ਅਜੀਤ ਅਖਬਾਰ ਅਤੇ ਪ੍ਰਕਾਸ਼ ਸਿੰਘ ਬਾਦਲ ਦੀਆਂ ਸੱਤਾ ਪ੍ਰਤੀ ਬੇਕਾਬੂ ਲਾਲਸਾਵਾਂ ਨੂੰ ਸਾਧਨ ਬਣਾਕੇ ਬੜੀ ਖ਼ੂਬਸੂਰਤੀ ਨਾਲ ਵਰਤਿਆ ।ਇਸ ਕੰਮ ਵਿੱਚ ਉਸਦੇ ਹਮਪਿਆਲਾ ਯਾਰ ਕਾਮਰੇਡ ਹਰਚਰਨ ਬੈਂਸ ਨੇ ਪੂਰਾ ਸਾਥ ਦਿੱਤਾ । ਕੇਂਦਰ ਜਾ ਪੰਜਾਬ ਵਿੱਚ ਰਾਜਸੀ ਤਾਕਤ ਭਾਵੇ ਜਿਸ ਮਰਜ਼ੀ ਪਾਰਟੀ ਦੀ ਹੋਵੇ ,ਪਰ ਇਹਨਾਂ ਦੋਹਾਂ ਕਾਮਰੇਡ ਦੋਸਤਾਂ ਦੇ ਸਿਰ ਉੱਪਰ ਕੇਂਦਰੀ ਏਜੰਸੀਆਂ ਦਾ ਹਮੇਸ਼ਾ ਹੱਥ ਹੁੰਦੈ ਅਤੇ ਪ੍ਰਧਾਨ ਮੰਤਰੀ ਦਫ਼ਤਰ ਤੱਕ ਇਹਨਾਂ ਦੀ ਸਿੱਧੀ ਪਹੁੰਚ ਹੁੰਦੀ ਹੈ ।ਰਾਜੀਵ ਲੌਂਗੋਵਾਲ ਸਮਝੌਤੇ ਤੋ ਲੈ ਕੇ ਅੱਜ ਤੱਕ ਪੰਜਾਬ ਅਤੇ ਪੰਥ ਨਾਲ ਜੋ ਵੀ ਧੋਖੇ ਅਤੇ ਗਦਾਰੀਆਂ ਹੋਈਆਂ ,ਉਸ ਵਿੱਚ ਇਹ ਜੋੜੀ ਭਾਈਵਾਲ਼ ਰਹੀ ਹੈ ।

ਅਕਾਲੀ ਦਲ ਦਾ ਪੰਥਕ ਮੁਹਾਂਦਰਾ ਸਿਰਜਣ ਵਾਲੀ ਮੁਹਿੰਮ ਵਿੱਚ ਹਮਦਰਦ ਅਤੇ ਬੈਂਸ ਦੀ ਜੋੜੀ ਨੇ ਅਕਾਲੀ ਦਲ ਦੇ ਦੋਹੇ ਫਰੰਟਾਂ ਦੀ ਕਮਾਂਡ ਆਪਣੇ ਹੱਥਾਂ ਵਿੱਚ ਰੱਖੀ ਹੋਈ ਹੈ ।ਹਰਚਰਨ ਬੈਂਸ ਸੁਖਬੀਰ ਬਾਦਲ ਨਾਲ ਜੁਟਿਆ ਹੋਇਆ ਅਤੇ ਬਾਗ਼ੀ ਸੁਰ ਵਾਲਿਆਂ ਦੀ ਕਮਾਂਡ ਹਮਦਰਦ ਨੇ ਆਪਣੇ ਹੱਥ ਰੱਖੀ ਹੈ ਤਾਂ ਕਿ ਇਸ ਮੁਹਿੰਮ ਦੇ ਮਨ ਭਾਉਂਦੇ ਨਤੀਜੇ ਕੱਢੇ ਜਾ ਸਕਣ । ਸਿੱਖ ਪੰਥ ਨੂੰ ਅਕਾਲੀ ਦਲ ਦੀ ਲੀਡਰਸ਼ਿਪ ਵਿੱਚ ਤਬਦੀਲੀ ਦੇ ਨਾਮ ਹੇਠ ਚਲਾਈਆਂ ਜਾ ਰਹੀਆਂ ਸਰਗਰਮੀਆਂ ਦੇ ਭੁਚਲਾਵੇ ਵਿੱਚ ਆਉਣ ਤੋਂ ਬਚਣ ਦੀ ਲੋੜ ਹੈ ।ਅਕਾਲੀ ਦਲ ਅਤੇ ਹੋਰਨਾਂ ਪੰਥਕ ਸੰਸਥਾਵਾਂ ਦੀ ਬਰਬਾਦੀ ਲਈ ਬਾਦਲ ਪ੍ਰਵਾਰ ਸਮੇਤ ਪਹਿਲੀ ਕਤਾਰ ਦੇ ਸਾਰੇ ਆਗੂ ਬਰਾਬਰ ਦੇ ਜੁੰਮੇਵਾਰ ਹਨ ।ਕੇਂਦਰੀ ਏਜੰਸੀਆਂ ,ਭਾਜਪਾ ਅਤੇ ਇੱਥੋਂ ਤਕ ਕਿ ਦੇਸ਼ ਦੀ ਕੋਈ ਵੀ ਕੌਮੀ ਪਾਰਟੀ ਨਹੀਂ ਚਾਹੁੰਦੀ ਕਿ ਸਹੀ ਮਾਅਨਿਆਂ ਵਿੱਚ ਅਕਾਲੀ ਦਲ ਦਾ ਪੰਥਕ ਸਰੂਪ ਬਹਾਲ ਹੋਵੇ ।ਖਡੂਰ ਸਾਹਿਬ ਅਤੇ ਫਰੀਦਕੋਟ ਵਿੱਚ ਹੋਈ ਜਿੱਤ ਤੋ ਬਾਅਦ ਸਿੱਖਾਂ ਦੀਆਂ ਬਾਗ਼ੀ ਸੁਰਾਂ ਨੂੰ ਦੇਖਦੇ ਹੋਏ ,ਕੇਂਦਰੀ ਏਜੰਸੀਆਂ ਪੁਰਾਣੇ ਅਕਾਲੀ ਦਲ ਨੂੰ ਥੋੜੇ ਬਹੁਤ ਫੇਰ ਬਦਲ ਨਾਲ ਸਿੱਖਾਂ ਵਿੱਚ ਫਿਰ ਪ੍ਰਵਾਨਿਤ ਕਰਵਾਉਣ ਦੀ ਚਾਲ ਚੱਲ ਰਹੀਆਂ ਹਨ ।ਇਸ ਕੰਮ ਲਈ ਏਜੰਸੀਆਂ ਨੇ ਆਪਣੇ ਵਿਸ਼ਵਾਸਯੋਗ ਅਤੇ ਸ਼ਾਤਰ ਦਿਮਾਗ. ' ਦਲਾਲ ' ਕਾਮਰੇਡ ਬਰਜਿੰਦਰ ਹਮਦਰਦ ਨੂੰ ਸਰਗਰਮ ਕੀਤਾ ਹੈ ।ਹਾਲ ਦੀ ਘੜੀ ਸ਼ਾਤਿਰ ਨੀਤੀਵੱਸ ਭਾਜਪਾ ਨਾਲ ਪੱਤਾ ਪਾੜਣ ਦੀ ਗੱਲ ਕੀਤੀ ਜਾਵੇਗੀ ,ਪਰ ਦਰਅਸਲ ਇਹ ਸਭ ਡਰਾਮਾ ਭਾਜਪਾ ਦੇ ਅਸ਼ੀਰਵਾਦ ਨਾਲ 2027 ਵਿੱਚ ਭਾਜਪਾ ਨਾਲ ਗਠਜੋੜ ਦੀਆਂ ਤਿਆਰੀਆਂ ਵਜੋਂ ਕੀਤਾ ਜਾ ਰਿਹਾ ਹੈ ।ਸਿੱਖ ਪੰਥ ਸ਼ੇਰ ਦਾ ਭੇਖ ਧਾਰ ਕੇ ਧੋਖਾ ਕਰਨ ਜਾ ਰਹੀਆਂ ਲੂੰਬੜੀਆਂ ਤੋ ਸਾਵਧਾਨ ਹੋ ਜਾਵੇ ।

**-ਅਮਰੀਕ ਸਿੰਘ ਮੁਕਤਸਰ**

# ਐਮਰਜੈਂਸੀ : ਭਾਰਤੀ ਇਤਿਹਾਸ ਦਾ ਇਕ ਕਾਲਾ ਦੌਰ

## ਜਮਹੂਰੀਅਤ ਦਾ ਗੱਲਾ ਘੁੱਟਣ ਵਾਲੀ ਕਾਂਗਰਸ ਮੋਦੀ ਤੇ ਭਾਜਪਾ ਨੂੰ ਲੋਕਤੰਤਰ ਦਾ ਪਾਠ ਪੜ੍ਹਾਉਣ ਤੁਰੀ

**ਭਾਰਤੀ** ਇਤਿਹਾਸ ਦੀ 1975 ਦੀ ਇਕ ਅਜਿਹੀ ਰਾਤ ਜਿੱਥੇ ਲੋਕ ਸੁੱਤੇ ਤਾਂ ਜਮਹੂਰੀਅਤ 'ਚ ਸਨ ਪਰ ਜਾਗਦਿਆਂ ਪਤਾ ਲਗਾ ਕਿ ਉਨ੍ਹਾਂ ਦੇ ਅਧਿਕਾਰਾਂ ਦਾ ਰਾਤੋਂ ਰਾਤ ਹਨਨ ਹੋ ਚੁੱਕਿਆ ਹੈ। ਜੀ ਹਾਂ, ਉਸ ਸਾਲ 25 ਜੂਨ ਦੀ ਅੱਧੀ ਰਾਤ ਨੂੰ ਦੇਸ਼ 'ਚ ਐਮਰਜੈਂਸੀ ਲਾਗੂ ਕਰ ਦਿੱਤੀ ਗਈ ਸੀ। ਭਾਰਤ ਦੇ ਤਤਕਾਲੀ ਰਾਸ਼ਟਰਪਤੀ ਫਖ਼ਰੂਦੀਨ ਅਲੀ ਅਹਿਮਦ ਵੱਲੋਂ ਸ੍ਰੀਮਤੀ ਇੰਦਰਾ ਗਾਂਧੀ ਹਕੂਮਤ ਵੱਲੋਂ ਮੰਤਰੀ ਮੰਡਲ ਨੂੰ ਭਰੋਸੇ 'ਚ ਲਏ ਬਿਨਾਂ ਕੀਤੀ ਗਈ ਸਿਫ਼ਾਰਸ਼ 'ਤੇ ਅਮਲ ਕਰਦਿਆਂ ਸੰਵਿਧਾਨ ਦੇ ਅਨੁਛੇਦ 352 ਤਹਿਤ ਦੇਸ਼ ਭਰ 'ਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ ਸੀ। ਉਨ੍ਹਾਂ ਦੇ ਇਕ ਆਦੇਸ਼ ਨੇ ਪ੍ਰਧਾਨ ਮੰਤਰੀ ਨੂੰ ਸ਼ਾਸਨ ਲਈ ਸਾਰੇ ਅਧਿਕਾਰ ਪ੍ਰਦਾਨ ਕਰ ਦਿੱਤੇ ਸਨ। ਜਿਸ ਵਿਚ ਚੋਣਾਂ ਮੁਲਤਵੀ ਕਰਨ ਤੋਂ ਇਲਾਵਾ ਨਾਗਰਿਕ ਸੁਤੰਤਰਤਾ ਨੂੰ ਰੋਕਿਆ ਜਾ ਸਕਦਾ ਸੀ। ਬਾਅਦ 'ਚ ਜੁਲਾਈ ਤੋਂ ਅਗਸਤ 1975 ਤਕ ਕੈਬਨਿਟ ਅਤੇ ਸੰਸਦ ਦੁਆਰਾ ਇਸ ਦੀ ਪੁਸ਼ਟੀ ਕੀਤੀ ਗਈ। ਜਿਸ ਨੂੰ 6 - 6 ਮਹੀਨਿਆਂ ਲਈ ਅੱਗੇ ਵਧਾਇਆ ਜਾ ਸਕਦਾ ਸੀ। ਭਾਰਤ ਵਿੱਚ ਇਸ ਵਾਰ ਐਮਰਜੈਂਸੀ 25 ਜੂਨ 1975 ਤੋਂ 21 ਮਾਰਚ 1977 ਨੂੰ ਵਾਪਸ ਲੈਣ ਤਕ 21 ਮਹੀਨਿਆਂ ਲਈ ਲਾਗੂ ਰਹੀ। ਇਸ ਤੋਂ ਪਹਿਲਾਂ ਭਾਰਤ - ਚੀਨ ਯੁੱਧ ਅਤੇ ਦੂਜੀ ਵਾਰ ਭਾਰਤ - ਪਾਕਿਸਤਾਨ ਯੁੱਧ ਦੌਰਾਨ ਲਾਗੂ ਸੀ।

ਭਾਵੇਂ ਕਿ ਸ੍ਰੀਮਤੀ ਇੰਦਰਾ ਗਾਂਧੀ ਨੇ ਐਮਰਜੈਂਸੀ ਵਾਸਤੇ ਰਾਸ਼ਟਰੀ ਸੁਰੱਖਿਆ ਲਈ ਅੰਦਰੂਨੀ ਅਤੇ ਬਾਹਰੀ ਖ਼ਤਰਿਆਂ ਦਾ ਹਵਾਲਾ ਦਿੱਤਾ ਅਤੇ ਪਾਕਿਸਤਾਨ ਨਾਲ ਖ਼ਤਮ ਹੋਈ ਜੰਗ ਨੂੰ ਦਲੀਲ ਵਜੋਂ ਉਜਾਗਰ ਕੀਤਾ ਸੀ, ਪਰ ਹਕੀਕਤ 'ਚ ਸ੍ਰੀਮਤੀ ਗਾਂਧੀ ਖ਼ੁਦ ਖ਼ਤਰੇ ਵਿਚ ਸੀ। ਕਿਉਂਕਿ ਇਲਾਹਾਬਾਦ ਹਾਈ ਕੋਰਟ ਦੇ ਜਸਟਿਸ ਜਗਮੋਹਨ ਲਾਲ ਸਿਨਹਾ ਨੇ 12 ਜੂਨ 1975 ਨੂੰ ਇਕ ਫ਼ੈਸਲੇ ਵਿਚ ਸ੍ਰੀਮਤੀ ਇੰਦਰਾ ਗਾਂਧੀ ਨੂੰ 1971 ਦੀ ਚੋਣ ਪ੍ਰਕਿਰਿਆ 'ਚ ਚੋਣ ਧੋਖਾਧੜੀ ਅਤੇ ਰਾਜ ਮਸ਼ੀਨਰੀ ਦੀ ਦੁਰਵਰਤੋਂ ਦਾ ਦੋਸ਼ੀ ਪਾਇਆ, ਉਸ ਦੀ ਚੋਣ ਰੱਦ ਕਰ ਦਿੱਤੀ ਅਤੇ 6 ਸਾਲਾਂ ਲਈ ਕਿਸੇ ਵੀ ਚੋਣ 'ਚ ਹਿੱਸਾ ਲੈਣ 'ਤੋ ਅਯੋਗ ਕਰਾਰ ਦਿੱਤਾ। ਇਹ ਕੇਸ ਯੂ ਪੀ ਦੇ ਰਾਏ ਬਰੇਲੀ ਸੀਟ ਤੋਂ ਸ੍ਰੀਮਤੀ ਗਾਂਧੀ ਦੇ ਵਿਰੁੱਧ ਚੋਣ ਲੜਨ ਅਤੇ ਹਾਰ ਜਾਣ ਵਾਲੇ ਸਮਾਜਵਾਦੀ ਨੇਤਾ ਰਾਜ ਨਰਾਇਣ ਵੱਲੋਂ ਸ੍ਰੀਮਤੀ ਗਾਂਧੀ 'ਤੇ ਲੋਕ ਪ੍ਰਤੀਨਿਧਤਾ ਐਕਟ 1951 ਦੀ ਉਲੰਘਣਾ ਦਾ ਦੋਸ਼ ਲਾਉਂਦਿਆਂ ਅਦਾਲਤ ਵਿਚ ਦਿੱਤੀ ਗਈ ਚੁਨੌਤੀ ਦਾ ਸੀ। ਕੇਸ ਨਾਲ ਸੰਬੰਧਿਤ ਸ੍ਰੀਮਤੀ ਗਾਂਧੀ ਦਾ ਚੋਣ ਏਜੰਟ ਯਸ਼ਪਾਲ ਕਪੂਰ ਇਕ ਸਰਕਾਰੀ ਨੌਕਰਸ਼ਾਹ ਭਾਵੇਂ ਕਿ ਉਹ ਅਹੁਦੇ ਤੋਂ ਅਸਤੀਫ਼ਾ ਦੇ ਚੁਕਾ ਸੀ ਫਿਰ ਵੀ ਉਸ 'ਤੇ ਨਿੱਜੀ ਚੋਣ ਨਾਲ ਸੰਬੰਧਿਤ ਕੰਮਾਂ ਵਿਚ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਅਤੇ ਰਾਜ ਬਿਜਲੀ ਵਿਭਾਗ ਦੀ ਬਿਜਲੀ ਦੀ ਵਰਤੋਂ ਲਈ ਦੋਸ਼ੀ ਪਾਇਆ ਗਿਆ। ਸ੍ਰੀਮਤੀ ਗਾਂਧੀ ਨੇ ਹਾਈ ਕੋਰਟ ਦੇ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਤੁਰੰਤ ਚੁਨੌਤੀ ਦਿੱਤੀ। ਜਿੱਥੇ 24 ਜੂਨ ਨੂੰ ਜਸਟਿਸ ਵੀ ਆਰ ਕ੍ਰਿਸ਼ਨਾ ਅਈਅਰ ਨੇ ਹਾਈ ਕੋਰਟ ਦੇ ਫ਼ੈਸਲੇ ਨੂੰ ਨਾ ਕੇਵਲ ਬਰਕਰਾਰ ਰੱਖਿਆ ਸਗੋਂ ਇੰਦਰਾ ਗਾਂਧੀ ਨੂੰ ਸਾਂਸਦ ਵਜੋਂ ਮਿਲੇ ਅਧਿਕਾਰਾਂ ਅਤੇ ਵੋਟ ਪਾਉਣ 'ਤੇ ਵੀ ਰੋਕ ਲਗਾਉਣ ਦਾ ਆਦੇਸ਼ ਵੀ ਦਿੱਤਾ। ਹਾਲਾਂਕਿ ਉਸ ਨੂੰ ਪ੍ਰਧਾਨ ਮੰਤਰੀ ਬਣੇ ਰਹਿਣ ਦਿੱਤਾ ਗਿਆ ਸੀ।



ਦੂਜੇ ਪਾਸੇ ਬਿਹਾਰ ਦੇ ਪਟਨਾ ਵਿਚ ਗਾਂਧੀਵਾਦੀ ਨੇਤਾ ਜੈ ਪ੍ਰਕਾਸ਼ ਨਰਾਇਣ, ਜਿਨ੍ਹਾਂ ਨੇ ਕਦੇ ਸਰਕਾਰੀ ਅਹੁਦਾ ਨਹੀਂ ਲਿਆ ਸੀ ਅਤੇ ਭ੍ਰਿਸ਼ਟਾਚਾਰ ਲਈ ਕਾਂਗਰਸ ਦੇ ਆਲੋਚਕ ਸਨ, ਨੇ ਮੋਰਾਰਜੀ ਦੇਸਾਈ ਨਾਲ ਮਿਲ ਕੇ ਇਸ ਨੂੰ ਰਾਸ਼ਟਰੀ ਮੁੱਦਾ ਬਣਾ ਲਿਆ ਅਤੇ ਲੋਕਾਂ ਨੂੰ ਸਰਕਾਰ ਵਿਰੁੱਧ ਪ੍ਰਦਰਸ਼ਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਅਜਿਹੀ ਸਥਿਤੀ 'ਚੋਂ ਨਿਕਲਣ ਲਈ ਇੰਦਰਾ ਗਾਂਧੀ ਨੇ ਆਪਣੇ ਖ਼ਾਸ ਸਲਾਹਕਾਰਾਂ ਅਤੇ ਆਪਣੇ ਪੁੱਤਰ ਸੰਜੇ ਗਾਂਧੀ ਦੀ ਸਲਾਹ ਨਾਲ ਰਾਸ਼ਟਰਪਤੀ ਰਾਹੀਂ ਐਮਰਜੈਂਸੀ ਲਗਾ ਦਿੱਤੀ। ਇੰਦਰਾ ਗਾਂਧੀ ਨੇ ਅਸਧਾਰਨ ਸ਼ਕਤੀਆਂ ਦੀ ਦੁਰਵਰਤੋਂ ਕਰਦਿਆਂ ਸਰਕਾਰ ਵਿਰੁੱਧ ਰੋਸ ਵਿਖਾਵਿਆਂ ਅਤੇ ਹੜਤਾਲਾਂ 'ਤੇ ਬੰਦਸ਼ਾਂ ਲਗਾ ਦਿੱਤੀਆਂ ਗਈਆਂ। ਸਿਆਸੀ ਵਿਰੋਧੀਆਂ ਨੂੰ ਕੈਦ ਅਤੇ ਆਮ ਲੋਕਾਂ 'ਤੇ ਅਤਿਆਚਾਰ ਕਰਨ ਤੋਂ ਇਲਾਵਾ ਪ੍ਰੈੱਸ ਨੂੰ ਸੈਂਸਰ ਕੀਤਾ ਗਿਆ। ਆਪਣੇ ਸਵਾਰਥੀ ਹਿਤਾਂ ਲਈ ਨਿੱਜੀ ਮੀਡੀਆ ਅਦਾਰਿਆਂ ਅਤੇ ਦੂਰਦਰਸ਼ਨ ਦੀ ਦੁਰਵਰਤੋਂ ਕੀਤੀ ।

ਆਰ ਐਸ ਐਸ ਅਤੇ ਜਮਾਤ ਏ ਇਸਲਾਮ 'ਤੇ ਪਾਬੰਦੀਆਂ ਲਗਾਈਆਂ ਗਈਆਂ। ਵਿਦੇਸ਼ੀ ਮੁਦਰਾ ਦੀ ਸੰਭਾਲ ਅਤੇ ਤਸਕਰੀ ਗਤੀਵਿਧੀਆਂ ਦੀ ਰੋਕਥਾਮ ਐਕਟ 1974 ਦੀ ਵਰਤੋਂ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਗਈ। ਅੰਦਰੂਨੀ ਸੁਰੱਖਿਆ ਕਾਨੂੰਨ (ਮੀਸਾ) ਦੇ ਤਹਿਤ ਜੈ ਪ੍ਰਕਾਸ਼ ਨਰਾਇਣ, ਜਨ ਸੰਘ ਦੇ ਨੇਤਾ ਅਟੱਲ ਬਿਹਾਰੀ ਵਾਜਪਾਈ, ਲਾਲ ਕਿਸ਼ਨ ਅਡਵਾਨੀ,ਮੁਲਾਇਮ ਸਿੰਘ ਯਾਦਵ, ਰਾਜ ਨਰਾਇਣ, ਜਾਰਜ ਫਰਨਾਂਡਿਜ਼, ਚਰਨ ਸਿੰਘ, ਮੁਰਾਰਜੀ ਦੇਸਾਈ ਆਦਿ ਅਨੇਕਾਂ ਨੇਤਾ ਜੇਲ੍ਹਾਂ 'ਚ ਬੰਦ ਕੀਤੇ ਗਏ। ਉੱਥੇ ਹੀ ਅਰੁਣ ਜੇਤਲੀ ਅਤੇ ਲਾਲੂ ਪ੍ਰਸਾਦ ਯਾਦਵ ਵਰਗੇ ਵਿਦਿਆਰਥੀ ਨੇਤਾਵਾਂ ਨੂੰ ਵੀ ਨਜ਼ਰਬੰਦ ਕਰ ਲਏ ਗਏ। ਬਿਨਾ ਕਿਸੇ ਦੋਸ਼ ਜਾਂ ਪਰਿਵਾਰ ਨੂੰ ਸੂਚਿਤ ਕੀਤੇ ਬਿਨਾ ਗ੍ਰਿਫ਼ਤਾਰੀਆਂ ਹੀ ਨਹੀਂ ਕੀਤੀਆਂ ਗਈਆਂ, ਕੈਦੀਆਂ ਨਾਲ ਦੁਰਵਿਵਹਾਰ ਵੀ ਕੀਤਾ ਗਿਆ।

ਐਮਰਜੈਂਸੀ ਦੇ ਵਿਰੁੱਧ ਸਿੱਖ ਲੀਡਰਸ਼ਿਪ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ 'ਚ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਮੋਰਚਾ ਚਲਾਇਆ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਵਰਗੇ ਵੱਡੇ ਨੇਤਾਵਾਂ ਸਮੇਤ 40 ਹਜ਼ਾਰ ਤੋਂ ਵਧ ਕਾਰਕੁਨਾਂ ਨੇ ਗ੍ਰਿਫ਼ਤਾਰੀ ਦਿੱਤੀ। ਉਸ ਵਕਤ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਵੱਲੋਂ ਐਮਰਜੈਂਸੀ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ 37 ਵੱਡੇ ਧਾਰਮਿਕ ਜਲੂਸ ਕੱਢੇ ਸਨ। ਆਮ ਲੋਕਾਂ ਦੀ ਨਿੱਜੀ ਅਧਿਕਾਰਾਂ ਦਾ ਹਨਨ ਕਰਦਿਆਂ ਆਬਾਦੀ ਦੇ ਵਾਧੇ ਨੂੰ ਰੋਕਣ ਦੇ ਨਾਮ ਹੇਠ 8.3 ਕਰੋੜ ਲੋਕਾਂ ਦੀ ਜ਼ਬਰਦਸਤੀ ਨਸਬੰਦੀ ਕੀਤੀ ਗਈ। ਦਿਲੀ 'ਚ ਗ਼ਰੀਬ ਲੋਕਾਂ ਦੀਆਂ ਝੁੱਗੀਆਂ ਢਾਹੁਣ ਕਾਰਨ 7 ਲੱਖ ਲੋਕ ਬੇਘਰ ਹੋ ਗਏ।

ਯਕੀਨਨ 1975 ਦੀ ਐਮਰਜੈਂਸੀ ਭਾਰਤੀ ਲੋਕਤੰਤਰ 'ਚ ਇਕ ਕਾਲਾ ਦੌਰ ਸੀ। ਜਿਸ ਨੂੰ ਕਿਸੇ ਵੀ ਕੀਮਤ 'ਤੇ ਭੁਲਾਇਆ ਨਹੀਂ ਜਾ ਸਕਦਾ। ਜਿੱਥੇ ਰਾਜਸੀ ਸਵਾਰਥ ਲਈ ਲੋਕਤੰਤਰ ਨੂੰ ਹਾਈਜੈੱਕ ਕੀਤਾ ਗਿਆ ਅਤੇ ਅਸਹਿਮਤੀ ਨੂੰ ਬਲ ਪੂਰਵਕ ਦਬਾਇਆ ਗਿਆ। ਬੁਨਿਆਦੀ ਅਧਿਕਾਰਾਂ ਨੂੰ ਮੁਅੱਤਲ ਕਰਕੇ ਨਾਗਰਿਕ ਸੁਤੰਤਰਤਾ ਦਾ ਖ਼ਾਤਮਾ ਅਤੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕੀਤੀ ਗਈ। ਪ੍ਰੈੱਸ ਨੂੰ ਦਮਨਕਾਰੀ ਹੱਦ ਤੱਕ ਸੈਂਸਰ ਕੀਤਾ ਗਿਆ।

ਪੰਜਾਬ ਦੀ ਰਾਜਨੀਤੀ 'ਚ ਸਭ ਤੋਂ ਵੱਧ ਚਰਚਿਤ ਅਤੇ ਵਿਵਾਦਿਤ ਸਤਲੁਜ ਯਮੁਨਾ ਲਿੰਕ (SYL) ਦਾ ਮੁੱਦਾ ਵੀ ਇਸੇ ਦੌਰ ਦੀ ਦੇਣ ਹੈ। ਜਿਸ ਨੇ 1980 ਦੇ ਦਹਾਕੇ ਦੌਰਾਨ ਸ਼ੁਰੂ ਹੋਈ ਪੰਜਾਬ ਦੀ ਤ੍ਰਾਸਦੀ ਦਾ ਮੁੱਢ ਬੰਨ੍ਹਿਆ। ਇਹ ਕਾਂਗਰਸ ਪਾਰਟੀ ਦੀ ਪੰਜਾਬ ਨੂੰ ਕਮਜ਼ੋਰ ਕਰਨ ਅਤੇ ਵੰਡ ਪਾਊ ਰਾਜਨੀਤੀ ਤਹਿਤ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਦੌਰਾਨ ਕੇਂਦਰੀ ਕ੍ਰਿਸ਼ੀ ਅਤੇ ਸਿੰਚਾਈ ਵਿਭਾਗ ਦੁਆਰਾ ਪੰਜਾਬ ਦੇ ਦਰਿਆਈ ਪਾਣੀਆਂ ਦੀ ਅਣ ਉਚਿਤ ਵੰਡ ਬਾਰੇ ਜਾਰੀ ਇਕ ਨੋਟੀਫ਼ਿਕੇਸ਼ਨ ਸੀ।

ਐਮਰਜੈਂਸੀ ਬਾਰੇ ਸੁਪਰੀਮ ਕੋਰਟ ਦੇ ਜਸਟਿਸ ਸੰਜੇ ਕ੍ਰਿਸ਼ਨ ਕੌਲ ਦੀ ਅਗਵਾਈ ਵਾਲੇ ਬੈਂਚ ਨੇ 14 ਦਸੰਬਰ 2020 ਨੂੰ ਇਕ ਫ਼ੈਸਲੇ 'ਚ ਇਸ ਨੂੰ ਦੇਸ਼ ਲਈ ਬੇਲੋੜਾ ਕਰਾਰ ਦਿੱਤਾ ਸੀ। ਅਜ਼ਾਦ ਭਾਰਤ ਦੇ ਇਤਿਹਾਸ ਦੇ ਸਭ ਤੋਂ ਵਿਵਾਦਪੂਰਨ ਦੌਰ ਵਿਚੋਂ ਇਕ ਉਕਤ ਐਮਰਜੈਂਸੀ ਦੌਰਾਨ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਸੰਵਿਧਾਨਕ ਸ਼ਕਤੀਆਂ ਦੀ ਖੁੱਲ ਕੇ ਦੁਰਵਰਤੋਂ ਕੀਤੀ ਗਈ। ਸਭ ਤੋਂ ਪ੍ਰੇਸ਼ਾਨ ਕਰਨ ਵਾਲਾ ਪਹਿਲੂ ਤਾਂ ਵਿਰੋਧੀ ਧਿਰ ਦੇ ਨੇਤਾਵਾਂ ਦੀ ਕੈਦ, ਨਾਗਰਿਕ ਸੁਤੰਤਰਤਾ ਦੀ ਪੂਰੀ ਤਰ੍ਹਾਂ ਮੁਅੱਤਲੀ, ਮੌਲਿਕ ਅਧਿਕਾਰਾਂ ਦੀ ਕਟੌਤੀ, ਸੈਂਸਰਸ਼ਿਪ ਸਮੇਤ ਪ੍ਰੈੱਸ ਦੀ ਆਜ਼ਾਦੀ 'ਤੇ ਸਖ਼ਤ ਪਾਬੰਦੀਆਂ, ਅਤੇ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਤਾਨਾਸ਼ਾਹੀ ਹੱਥਾਂ ਵਿੱਚ ਸੱਤਾ ਦਾ ਕੇਂਦਰੀਕਰਨ ਸੀ। ਲੋਕਤੰਤਰ ਨੂੰ ਲਿਤਾੜਨ ਦੀ ਕਾਂਗਰਸ ਦੀ ਉਕਤ ਫਾਸ਼ੀਵਾਦੀ ਰੁਝਾਨ ਅੱਜ ਵੀ ਲੋਕ ਮਨਾਂ ਤੇ ਸਿਮ੍ਰਿਤੀਆਂ 'ਚ ਸਾਂਭਿਆ ਪਿਆ ਹੈ। ਕਿੰਨੀ ਹੈਰਾਨੀ ਦੀ ਗਲ ਹੈ ਕਿ ਐਮਰਜੈਂਸੀ ਰਾਹੀਂ ਲੋਕਤੰਤਰ ਦਾ ਗੱਲਾ ਘੁਟਣ ਵਾਲੀ ਕਾਂਗਰਸ ਅੱਜ ਭਾਰਤੀ ਜਨਤਾ ਪਾਰਟੀ ਨੂੰ ਲੋਕਤੰਤਰ ਦਾ ਸਬਕ ਸਿਖਾਉਣ ਤੁਰੀ ਹੈ। ਕਿੰਨਾ ਕੁਝ ਦੇ ਬਾਵਜੂਦ ਅੱਜ ਕਾਂਗਰਸ ਲੋਕਤੰਤਰ ਦੀ ਰੱਖਿਅਕ ਵਜੋਂ ਆਪਣੀ ਦੋਗਲੀ ਗੱਲ ਪ੍ਰਭਾਵਸ਼ਾਲੀ ਢੰਗ ਨਾਲ ਕਰਦੀ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫਾਸ਼ੀਵਾਦੀ ਕਿਹਾ ਜਾ ਰਿਹਾ ਹੈ। ਹਾਲੀਆ ਲੋਕ ਸਭਾ ਚੋਣ ਪ੍ਰਚਾਰ ਦੌਰਾਨ ਕਾਂਗਰਸ ਅਤੇ ਇੰਡੀ ਗੱਠਜੋੜ ਵੱਲੋਂ ਗ਼ਲਤ ਜਾਣਕਾਰੀ, ਡਰ ਅਤੇ ਸ਼ੰਕੇ ਫੈਲਾ ਕੇ ਕਾਂਗਰਸ ਵੱਲੋਂ ਅਤੀਤ ਦੌਰਾਨ ਕੀਤੇ ਕਾਰਿਆਂ ਨੂੰ ਲੋਕਾਂ ਦੀ ਜਨਤਕ ਯਾਦਦਾਸ਼ਤ ਵਿਚੋਂ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ। ਸਿਆਸੀ ਸਵਾਰਥ ਪੂਰਤੀ ਲਈ ਐਮਰਜੈਂਸੀ ਦੌਰਾਨ ਭਾਰਤੀ ਸੰਵਿਧਾਨ 'ਚ 39 ਵੀਂ ਸੋਧ ਕਰਨ ਵਾਲੀ ਕਾਂਗਰਸ ਵੱਲੋਂ ਭਾਜਪਾ ਉੱਤੇ ਸੰਵਿਧਾਨ ਨੂੰ ਖ਼ਤਮ ਕਰਨ ਦੇ ਬੇਬੁਨਿਆਦ ਅਤੇ ਗੁਮਰਾਹਕੁਨ ਦੋਸ਼ ਲਾ ਕੇ ਦੇਸ਼ ਵਿਚ ਇਕ ਅਵਿਸ਼ਵਾਸ ਦਾ ਮਾਹੌਲ ਅਤੇ ਬਿਰਤਾਂਤ ਸਿਰਜਣ ਦੀ ਵੀ ਪੂਰੀ ਕੋਸ਼ਿਸ਼ ਕੀਤੀ ਗਈ। ਜੋ ਕਿ ਇਹ ਭਾਰਤੀ ਸਿਹਤਮੰਦ ਲੋਕਤੰਤਰ ਅਤੇ ਸਮਾਜ ਦੋਵਾਂ ਲਈ ਇੱਕ ਖ਼ਤਰਨਾਕ ਅਤੇ ਚਿੰਤਾਜਨਕ ਵਰਤਾਰਾ ਹੈ। ਐਮਰਜੈਂਸੀ ਦੇ ਦੌਰ 'ਚ ਅਸੀਂ ਇਹ ਦੇਖ ਚੁੱਕੇ ਹਾਂ ਕਿ ਇੰਦਰਾ ਗਾਂਧੀ ਨੇ ਸ਼ਾਸਨ 'ਤੇ ਪੂਰਾ ਨਿਯੰਤਰਨ ਪ੍ਰਾਪਤ ਕਰ ਲਿਆ ਸੀ। ਉਹ ਨਿਰੰਕੁਸ਼ ਸ਼ਾਸਨ ਕਾਇਮ ਕਰਨ ਦੇ ਰਾਹ ਪੈ ਚੁੱਕੀ ਸੀ। ਸਰਕਾਰ ਦੀ ਸ਼ਕਤੀ ਕੈਬਨਿਟ ਦੀ ਬਜਾਏ ਪ੍ਰਧਾਨ ਮੰਤਰੀ ਸਕੱਤਰੇਤ ਦੇ ਅਧੀਨ ਕਰ ਲਈ ਗਈ। ਗਾਂਧੀ ਪਰਿਵਾਰ ਪ੍ਰਤੀ ਵਫ਼ਾਦਾਰੀ ਨੂੰ ਰਾਜਨੀਤੀ 'ਚ ਪ੍ਰਸੰਗਿਕ ਬਣਾ ਲਿਆ ਗਿਆ ਸੀ। ਅੱਜ ਵੀ ਇਹ ਮਾਡਲ ਗੈਰ ਭਾਜਪਾ ਅਤੇ ਕਾਂਗਰਸ 'ਚ ਕੰਮ ਕਰ ਰਿਹਾ ਹੈ। ਇਹੀ ਕਾਰਨ ਹੈ ਕਿ ਭਾਰਤ ਨੂੰ ਵੰਸ਼ਵਾਦੀ ਰਾਜਨੀਤਿਕ ਪਾਰਟੀਆਂ ਤੋਂ ਵੱਡਾ ਖ਼ਤਰਾ ਹੈ। ਜਦੋਂ ਇਕ ਪਰਿਵਾਰ ਕਿਸੇ ਪਾਰਟੀ 'ਤੇ ਹਾਵੀ ਹੁੰਦਾ ਹੈ, ਤਾਂ ਸਭ ਤੋਂ ਪਹਿਲਾਂ ਨੁਕਸਾਨ ਪ੍ਰਤਿਭਾ ਦਾ ਹੁੰਦਾ ਹੈ। ਦੇਸ਼ ਸਾਲਾਂ ਤੋਂ ਇਹ ਨੁਕਸਾਨ ਝੱਲ ਰਿਹਾ ਹੈ। ਜੇਕਰ ਜਮਹੂਰੀਅਤ ਮਜ਼ਬੂਤ ਹੁੰਦੀ ਤਾਂ ਖੇਤਰੀ ਪਾੜਾ, ਐਮਰਜੈਂਸੀ, ਜਾਤੀ ਮਤਭੇਦ ਨਾ ਹੁੰਦੇ। ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਨਾ ਹੁੰਦਾ ਅਤੇ ਨਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ ਢੇਰੀ ਕੀਤਾ ਜਾਂਦਾ। ਨਾ ਹੀ ਨਵੰਬਰ '84 'ਚ ਸਿੱਖ ਕਤਲੇਆਮ ਹੋਇਆ ਹੁੰਦਾ। ਮੈ ਸਮਝਦਾ ਹਾਂ ਕਿ ਲੋਕਤੰਤਰ ਦੇ ਸਿਧਾਂਤਾਂ ਤੇ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਲਈ ਜਮਹੂਰੀ ਸੰਸਥਾਵਾਂ ਦੀ ਅਖੰਡਤਾ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਮੈਂ ਅੱਜ ਦੇ ਦਿਨ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਇੰਦਰਾ ਗਾਂਧੀ ਦੁਆਰਾ ਲਾਈ ਗਈ ਐਮਰਜੈਂਸੀ ਦਾ ਜ਼ੋਰਦਾਰ ਵਿਰੋਧ ਕਰਦਿਆਂ ਲੋਕਤੰਤਰੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ। ਅੱਜ ਸਾਨੂੰ ਜਮਹੂਰੀਅਤ ਦੀ ਰੱਖਿਆ ਲਈ ਆਪਣੇ ਆਪ ਨੂੰ ਸਮਰਪਿਤ ਕਰਨ ਅਤੇ ਸੰਵਿਧਾਨ ਅਤੇ ਸੰਸਥਾਵਾਂ ਦੀ ਮਰਿਆਦਾ ਨੂੰ ਬਰਕਰਾਰ ਰੱਖਣ ਲਈ ਆਪਣੀ ਭੂਮਿਕਾ ਨਿਭਾਉਣ ਦਾ ਸੰਕਲਪ ਕਰਨ ਦੀ ਲੋੜ ਹੈ।

**-ਪ੍ਰੋ. ਸਰਚਾਂਦ ਸਿੰਘ ਭੰਗੂ, ( ਬੁਲਾਰਾ, ਭਾਰਤੀ ਜਨਤਾ ਪਾਰਟੀ ਪੰਜਾਬ। 9781355522)**

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਮਹਾਨਗਰ ਲੁਧਿਆਣਾ ਵਿੱਚ ਗਾਇਕਾ ਗੀਤ ਚੌਹਾਨ ਦੇ ਦੋ ਗੀਤ ਤਾੜੀਆਂ ਦੀ ਗੂੰਜ ਵਿੱਚ ਕੀਤੇ ਰਿਲੀਜ਼

# ਉਮੀਦ ਹੈ ਕਿ ਸਰੋਤੇ ਗੀਤਾਂ ਨੂੰ ਰੱਜਵਾਂ ਪਿਆਰ ਦੇਣਗੇ : ਗਾਇਕਾ ਗੀਤ ਚੌਹਾਨ




**ਲੁਧਿਆਣਾ, (ਵਰਿਆਮ ਹਠੂਰ)**-ਮਹਾਨਗਰ ਲੁਧਿਆਣਾ ਦੇ ਸਰਕਟ ਹਾਊਸ ਵਿਖੇ ਮਿਊਜ਼ਿਕ ਇੰਡਸਟਰੀ ਦੇ ਵੱਖ ਵੱਖ ਨਵੇਂ ਪੁਰਾਣੇ ਕਲਾਕਾਰਾਂ ਦੀ ਹਾਜ਼ਰੀ ਵਿੱਚ ਸੁਰੀਲੀ ਗਾਇਕਾ ਗੀਤ ਚੌਹਾਨ ਦੇ ਦੋ ਗੀਤ "ਤੇਰੇ ਕੋਲੋਂ ਵੱਖ ਹੋਵਾਂ" ਅਤੇ "ਚੇਤੇ ਕਰ ਸੋਹਣੇ ਯਾਰ ਨੂੰ" ਤਾੜੀਆਂ ਦੀ ਗੂੰਜ ਵਿੱਚ ਰਿਲੀਜ਼ ਕੀਤੇ ਗਏ, ਉੱਪਲ ਮਿਊਜ਼ਿਕ ਕੰਪਨੀ ਅਤੇ ਕੇ ਐੱਸ ਉੱਪਲ (ਕਲਵਿੰਦਰ ਸਿੰਘ ਉੱਪਲ) ਦੀ ਮਾਣਮੱਤੀ ਪੇਸ਼ਕਸ਼ ਹੇਠ ਵਰਲਡਵਾਈਡ ਰਿਲੀਜ਼ ਕੀਤੇ ਗਏ ਗੀਤਾਂ ਨੂੰ



ਮਿਊਜ਼ਿਕ ਦੀਆਂ ਧੁਨਾਂ ਨਾਲ ਸ਼ਿੰਗਾਰਿਆ ਹੈ ਮਾਸਟਰ ਸ਼ਨੀ ਨੇ, ਇਸ ਮੌਕੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸੁਰੀਲੀ ਗਾਇਕਾ ਗੀਤ ਚੌਹਾਨ ਨੇ ਕਿਹਾ ਕਿ ਬੜੇ ਲੰਬੇ ਸਮੇਂ ਤੋਂ ਕੀਤੀ ਸਖ਼ਤ ਮਿਹਨਤ ਤੋਂ ਬਾਅਦ ਅੱਜ ਉੱਪਲ ਮਿਊਜ਼ਿਕ ਕੰਪਨੀ ਅਤੇ ਸਤਿਕਾਰਯੋਗ ਸ਼ਖ਼ਸੀਅਤ ਕੇ ਐੱਸ ਉੱਪਲ (ਕਲਵਿੰਦਰ ਸਿੰਘ ਉੱਪਲ) ਦੀ ਸ਼ਾਨਦਾਰ ਪੇਸ਼ਕਸ਼ ਹੇਠ ਰਿਲੀਜ਼ ਕੀਤੇ ਗਏ ਹਨ। ਮੈਨੂੰ ਪੂਰੀ ਉਮੀਦ ਹੈ ਕਿ ਸਰੋਤੇ ਮੇਰੇ ਦੋਹਾਂ ਗੀਤਾਂ ਨੂੰ ਰੱਜਵਾਂ ਪਿਆਰ ਦੇਣਗੇ ਤਾਂ ਜੋ ਮੈਂ ਅੱਗੇ ਲਈ ਵੀ ਅੱਛੇ ਅੱਛੇ ਗੀਤਾਂ ਦੀ ਚੋਣ ਕਰਕੇ ਸਰੋਤਿਆਂ ਦੀ ਝੋਲੀ ਪਾਵਾਂ, ਤੇ ਸਾਡੀ ਪੂਰੀ ਟੀਮ ਦੀ ਕੀਤੀ ਹੋਈ ਮਿਹਨਤ ਨੂੰ ਬੂਰ ਪਵੇ, ਗੱਲਬਾਤ ਕਰਦਿਆਂ ਗਾਇਕ ਜਸਵੰਤ ਸਿੰਘ ਸੰਦੀਲਾ, ਗਾਇਕ ਰਣਜੀਤ ਮਨੀ, ਅਤੇ ਗਾਇਕਾ ਤੇ ਲੇਖਿਕਾ ਬੱਬੂ ਚੱਕ ਵਾਲੀ ਨੇ ਆਖਿਆ ਕਿ ਗੀਤ ਚੌਹਾਨ ਬੜੀ ਹੀ ਮਿਹਨਤੀ ਅਤੇ ਮਿਲਾਪੜੇ ਸੁਭਾਅ ਵਾਲੀ ਕਲਾਕਾਰ ਹੈ। ਜਿਸ ਨੇ ਕਾਫੀ ਮਿਹਨਤ ਤੋਂ ਬਾਅਦ ਆਪਣੀ ਕਲਾ ਦੇ ਜੌਹਰ ਵਿਖਾਉਣ ਲਈ ਮਿਊਜ਼ਿਕ ਇੰਡਸਟਰੀ ਵਿੱਚ ਗਾਇਕਾ ਵਜੋਂ ਹਾਜ਼ਰੀ ਲਵਾਈ ਹੈ। ਜੇਕਰ ਕੁੜੀਆਂ ਮਿਹਨਤ ਕਰਕੇ ਅੱਗੇ ਆਉਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਕੀਤੀ ਹੋਈ ਮਿਹਨਤ ਇੱਕ ਨਾਂ ਇੱਕ ਇੱਕ ਦਿਨ ਰੰਗ ਜ਼ਰੂਰ ਲਿਆਉਂਦੀ ਹੈ। ਅਸੀਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਗਾਇਕਾ ਗੀਤ ਚੌਹਾਨ ਨੂੰ ਪਰਮਾਤਮਾ ਤੰਦਰੁਸਤੀ ਅਤੇ ਤਰੱਕੀਆਂ ਬਖ਼ਸ਼ੇ, ਖ਼ਾਸ ਤੌਰ ਤੇ ਬਿੰਨੀ ਹੰਸ ਨੇ ਕਿਹਾ ਕਿ ਗੀਤ ਚੌਹਾਨ ਮਿਹਨਤੀ ਕਲਾਕਾਰ ਹੈ। ਤੇ ਮਿਹਨਤ ਕਰਨ ਵਾਲਿਆਂ ਦਾ ਨਾਮ ਜ਼ਰੂਰ ਚਮਕਦਾ ਹੈ। ਸਾਨੂੰ ਵੀ ਬੇਹੱਦ ਖ਼ੁਸ਼ੀ ਹੋਵੇਗੀ ਕਿ ਦਿਲਚਸਪੀ ਨਾਲ ਮਿਹਨਤ ਕਰਨ ਵਾਲੇ ਕਲਾਕਾਰ ਪੈਰਾਂ ਸਿਰ ਖੜ੍ਹੇ ਹੋਣ, ਅੱਜ ਗਾਇਕਾ ਗੀਤ ਚੌਹਾਨ ਦੇ ਗੀਤ ਸਤਿਕਾਰਯੋਗ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤੇ ਗਏ ਹਨ ਤੇ ਸੱਚਮੁੱਚ ਵਿਆਹ ਜਿੰਨ੍ਹਾਂ ਚਾਅ ਹੈ। ਮੈਨੂੰ ਪੂਰੀ ਉਮੀਦ ਹੈ ਕਿ ਗਾਇਕਾ ਗੀਤ ਚੌਹਾਨ ਸਰੋਤਿਆਂ ਦੀ ਕਸੋਟੀ ਤੇ ਖ਼ਰੀ ਉੱਤਰੇਗੀ, ਤੇ ਸਰੋਤਿਆਂ ਨੂੰ ਬੇਨਤੀ ਹੈ ਕਿ ਗੀਤ ਚੌਹਾਨ ਦੇ ਗੀਤਾਂ ਨੂੰ ਰੱਜਵਾਂ ਪਿਆਰ ਦੇਣ ਤਾਂ ਜੋ ਕਲਾਕਾਰ ਦਾ ਹੌਂਸਲਾ ਬਣਿਆ ਰਹੇ, ਅੰਤ ਵਿੱਚ ਉਨ੍ਹਾਂ ਕਿਹਾ ਕਿ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਦਾ ਖ਼ੁਸ਼ੀ ਦੇ ਪਲਾਂ ਮੌਕੇ ਹਾਜ਼ਰੀਆਂ ਭਰਨ ਲਈ ਧੰਨਵਾਦ, ਗਾਇਕ ਰਣਜੀਤ ਮਨੀ, ਗਾਇਕ ਜਸਵੰਤ ਸਿੰਘ ਸੰਦੀਲਾ ਗਾਇਕ ਦਲੇਰ ਪੰਜਾਬੀ, ਗਾਇਕ ਜੈਮਨ ਚਮਕੀਲਾ, ਬਿੰਨੀ ਹੰਸ, ਗਾਇਕ ਕਿੱਕਰ ਡਾਲੇ ਵਾਲਾ, ਮੈਨੇਜਰ ਸੋਨੀ ਜੀ, ਪ੍ਰਭ ਲੁਧਿਆਣਾ ਸੁੱਖ ਚਮਕੀਲਾ, ਬੀਬਾ ਰੀਆ ਸੰਧੂ, ਗਾਇਕਾ ਅਮਰਜੀਤ ਢਿੱਲੋਂ, ਗਾਇਕਾ ਬੱਬੂ ਚੱਕ ਵਾਲੀ, ਮਨਪ੍ਰੀਤ ਸੰਧੂ, ਮਨਮੋਹਨ ਭਾਮੀਆਂ ਅਤੇ ਹੋਰ ਅਨੇਕਾਂ ਹਾਜ਼ਰ ਕਲਾਕਾਰਾਂ ਅਤੇ ਹੋਰ ਸਤਿਕਾਰਯੋਗ ਸ਼ਖ਼ਸੀਅਤਾਂ ਨੇ ਗਾਇਕਾ ਗੀਤ ਚੌਹਾਨ ਨੂੰ ਮੁਬਾਰਕਾਂ ਦਿੱਤੀਆਂ, ਅਤੇ ਖ਼ੂਬਸੂਰਤ ਯਾਦਗਾਰੀ ਪਲਾਂ ਨੂੰ ਪ੍ਰਿੰਟ ਮੀਡੀਆ, ਅਤੇ ਵੱਖ ਵੱਖ ਚੈਨਲਾਂ ਨੇ ਕਵਰ ਕੀਤਾ।

### ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਸ਼੍ਰੀ ਅੰਮ੍ਰਿਤਸਰ ਸਾਹਿਬ ਜਿਲ੍ਹੇ ਦੇ 20 ਲੇਖਕਾਂ ਨੂੰ ਸਨਮਾਨਿਤ ਕੀਤਾ ਗਿਆ

# ਪਰਵੀਨ ਕੌਰ ਸਿੱਧੂ ਦੀ ਕਿਤਾਬ "ਯਾਦਾਂ ਦੇ ਪੰਖੇਰੂ" ਦਾ ਵੀ ਕੀਤਾ ਗਿਆ ਲੋਕ ਅਰਪਣ



**ਚੌਕ ਮਹਿਤਾ, 24 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਪੰਜਾਬ ਦੇ ਹਰ ਜਿਲੇ ਵਿੱਚ ਪੰਜਾਬੀ ਲੇਖਕਾਂ ਨੂੰ ਸਨਮਾਨਿਤ ਕਰਨ ਦੀ ਇੱਕ ਲੜੀ ਚਲਾਈ ਗਈ ਹੈ, ਇਸ ਦੇ ਤਹਿਤ ਸ਼੍ਰੀ ਅੰਮ੍ਰਿਤਸਰ ਜ਼ਿਲੇ ਦੇ ਚੁਣੇ ਹੋਏ 20 ਲੇਖਕਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਲੇਖਕ ਪਰਵੀਨ ਕੌਰ ਸਿੱਧੂ ਦੀ ਕਿਤਾਬ "ਯਾਦਾਂ ਦੇ ਪੰਖੇਰੂ" ਦਾ ਵੀ ਲੋਕ ਅਰਪਣ ਕੀਤਾ ਗਿਆ। ਭਾਈ ਵੀਰ ਸਿੰਘ ਨਿਵਾਸ ਅਸਥਾਨ ਵਿਖੇ ਕਰਵਾਏ ਗਏ ਇਸ ਸਮਾਰੋਹ ਵਿੱਚ ਨਵੀਆਂ ਅਤੇ ਪੁਰਾਣੀਆਂ ਕਲਮਾਂ ਨੂੰ ਸਾਹਿਤ ਦੇ ਖੇਤਰ ਵਿੱਚ ਪਾਏ ਜਾ ਰਹੇ ਉੱਨਾਂ ਦੇ ਯੋਗਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਰੋਹ ਦੇ ਅੱਜ ਦੇ 20 ਸਿਤਾਰਿਆਂ ਨੇ ਆਪਣੀਆਂ ਕਹਾਣੀਆਂ, ਕਵਿਤਾਵਾਂ, ਗੀਤ ਅਤੇ ਗ਼ਜ਼ਲਾਂ ਸੁਣਾ ਕੇ ਸਮਾਰੋਹ ਵਿੱਚ ਸਾਹਿਤ ਦੇ ਸਾਰੇ ਰੰਗ ਭਰ ਦਿੱਤੇ। ਮੰਚ ਦੇ ਸੰਸਥਾਪਕ ਰਸ਼ਿੰਪਦਰ ਕੌਰ ਗਿੱਲ ਨੇ ਇਸ ਸਮਾਗਮ ਦੀ ਆਪਣੀ ਪ੍ਰਬੰਧਕੀ ਟੀਮ ਮੈਡਮ ਗੁਰਬਿੰਦਰ ਕੌਰ ਟਿੱਬਾ ਜੀ ਸਪੇਨ ਪ੍ਰਧਾਨ, ਡਾ. ਸੁਰਜੀਤ ਸਿੰਘ ਜਰਮਨੀ ਜੀ-ਪ੍ਰਧਾਨ ਜਰਮਨੀ, ਅੰਮ੍ਰਿਤਸਰ ਦੇ ਪ੍ਰਧਾਨ ਡਾ. ਨਵਤੇਜ ਸਿੰਘ ਬੇਦੀ ਅਤੇ ਐਡਵੋਕੇਟ ਸ਼ੁਕਰਗੁਜਾਰ ਸਿੰਘ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਪਰਵੀਨ ਕੌਰ ਸਿੱਧੂ ਨੂੰ ਉੱਨਾਂ ਦੀ ਕਿਤਾਬ ਦੇ ਲੋਕ ਅਰਪਣ ਲਈ ਵਧਾਈ ਦਿੱਤੀ। ਡਾ. ਨਵਤੇਜ ਸਿੰਘ ਬੇਦੀ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ। ਮੰਚ ਵੱਲੋਂ ਕੀਤੇ ਗਏ ਸਨਮਾਨਿਤ ਲੇਖਕਾਂ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਦੀਪ ਦਵਿੰਦਰ ਸਿੰਘ, ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ ਸੰਧੂ, ਸ਼ਾਇਰ ਜਸਵੰਤ ਧਾਪ, ਸਤਨਾਮ ਜੱਸੜ, ਲਾਡੀ ਹੁੰਦਲ, ਡਾ.ਨਿਰਮ ਜੋਸਨ (ਸਟੇਟ ਐਵਾਰਡੀ, ਸੁਰਿੰਦਰ ਕੌਰ ਸਰਾਏ, ਦਿਲਰਾਜ ਸਿੰਘ 'ਦਰਦੀ' (ਸਾਹਿਤ ਪ੍ਰਚਾਰ ਮੰਚ ਅੰਮ੍ਰਿਤਸਰ), ਐਡਵੋਕੇਟ ਨਵਨੀਤ ਸਿੰਘ, ਅਮਨ ਢਿੱਲੋਂ ਕਸੇਲ, ਸਵ. ਅੰਮ੍ਰਿਤਪਾਲ ਸਿੰਘ ਪੰਨੂ ਖੱਬੇ ਰਾਜਪੂਤਾਂ, ਸਰਬਜੀਤ ਸਿੰਘ ਪੱਡਾ (ਸਕੱਤਰ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ, ਅਤਰ ਸਿੰਘ ਤਰਸਿੱਕਾ (ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਤਰਸਿੱਕਾ, ਜਗਤਾਰ ਗਿੱਲ, ਸਵਿੰਦਰ ਸਿੰਘ ਲਾਹੌਰੀਆ ਜੰਡਿਆਲਾ ਗੁਰੂ, ਮਲਕੀਤ ਸਿੰਘ ਨਿਮਾਣਾ ਮੱਤੇਵਾਲ (ਪੰਥਕ ਕਵੀ), ਐਡਵੋਕੇਟ ਵਿਸ਼ਾਲ ਸ਼ਰਮਾ ਉਰਫ ਸਿਦਕ, ਜਸਬੀਰ ਕੌਰ, ਬਲਵਿੰਦਰ ਕੌਰ ਪੰਧੇਰ ਦੇ ਨਾਂ ਵਰਨਣਯੋਗ ਹਨ। ਇਸ ਸਮਾਗਮ ਵਿੱਚ ਗਾਇਕ ਮੱਖਣ ਭੈਣੀਵਾਲਾ, ਰਾਜਵਿੰਦਰ ਕੌਰ ਰਾਜ, ਅਮਨਪ੍ਰੀਤ ਸਿੰਘ ਅਠੌਲਾ, ਭੁਪਿੰਦਰ ਸਿੰਘ, ਡਾ. ਮੋਹਣ ਬੇਗੋਵਾਲ, ਮਾ: ਕਿਰਪਾਲ ਸਿੰਘ ਵੇਰਕਾ, ਜਸਵਿੰਦਰ ਕੌਰ, ਅਜੀਤ ਸਿੰਘ ਨਬੀਪੁਰੀ ਨੇ ਵੀ ਹਾਜ਼ਰੀ ਭਰੀ। ਭਾਈ ਵੀਰ ਸਿੰਘ ਨਿਵਾਸ ਦੇ ਡਿਪਟੀ ਡਾਇਰੈਕਟਰ ਪਰਮਿੰਦਰ ਕੌਰ ਹੁੰਦਲ ਉਚੇਚੇ ਤੌਰ 'ਤੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਹੁੰਚੇ।

# ਨੌਜਵਾਨਾਂ ਸਭਾਵਾਂ ਹਰਿਆਵਲ ਵਧਾਉਣ ਲਈ ਆਈਆਂ ਅਗੇ : ਇੰਜੀ ਮਨਜੀਤ ਸੈਣੀ



**ਚੌਕ ਮਹਿਤਾ, 24 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਵਾਤਾਵਰਨ ਤਾਪਮਾਨ ਵਿੱਚ ਕਾਫੀ ਵਾਧਾ ਹੋਣ ਅਤੇ ਜ਼ਮੀਨ ਦਾ ਪਾਣੀ ਲੈਵਲ ਨੀਵੇਂ ਜਾਣ ਦੀ ਖਤਰੇ ਦੀ ਘੰਟੀ ਨੂੰ ਭਾਂਪਦੇ ਹੋਏ , ਹਰ ਵਰਗ ਦੇ ਲੋਕ ਅਤੇ ਨੌਜਵਾਨ ਹਰਿਆਵਲ ਲਹਿਰ ਨਾਲ ਜੁੜਨੇ ਸ਼ੁਰੂ ਹੋ ਗਏ ਹਨ ਹਰਿਆਵਲ ਟੀਮ ਦੇ ਸੰਯੋਜਕ ਪ੍ਰੋਫੈਸਰ ਰਜੀਵ ਸ਼ਰਮਾ, ਏਕ ਪੇੜ ਦੇਸ਼ ਕੇ ਨਾਮ ਦੇ ਪ੍ਰਧਾਨ ਮਨਜੀਤ ਸਿੰਘ ਸੈਣੀ, ਸੀਨੀਅਰ ਵਾਈਸ ਪ੍ਰਧਾਨ ਸਰਦਾਰ ਇਕਵਾਲ ਸਿੰਘ ਤੁੰਗ ਅਤੇ ਵਿਸ਼ਾਲ ਜੀ ਨਾਲ ਰਲ ਅਮਨ ਜੀ , ਛੇਹਰਟਾ ਨਗਰ ਕਰਿਵਾ, ਹਰਜੀਤ ਜੀ , ਨੀਰਜ ਨੀਰ ਜੀ, ਕਵਿੰਦਰ , ਸੁਰੇਸ਼ , ਰਾਜਨ ਮਹਿਤਾ, ਮਦਨ ਜੁਲਕਾ, ਵਿਸ਼ਾਲ ਜੀ , ਵਾਰ ਹੀਰੋਜ਼ ਮੈਮੋਰੀਅਲ ਦੇ ਪ੍ਰਬੰਧਕ ਅਤੇ ਮੁਲਾਜ਼ਮਾਂ ਨੇ "ਵਾਰ ਹੀਰੋਜ਼ ਮੈਮੋਰੀਅਲ" ਦੇ ਸਾਹਮਣੇ ਪੌਦੇ ਲਗਾਏ ਪ੍ਰਬੰਧਕ ਅਤੇ ਮੁਲਾਜ਼ਮਾਂ ਵੱਲੋਂ ਇਸ ਦਾ ਪੂਰਾ ਪਾਲਣ ਪੋਸ਼ਣ ਕਰਨ ਦਾ ਜਿੰਮਾ ਲਿਆ ਜਦੋਂ ਕਿਸੇ ਮੁਹਿੰਮ ਵਿੱਚ ਦੇਸ਼ ਦੀ ਨੌਜਵਾਨ ਪੀੜੀ ਅੱਗੇ ਹੋ, ਵੱਧ ਚੜ ਕੇ ਫਰਜ਼ ਨਿਭਾਉਂਦੀ ਹੈ ਤਾਂ ਬਦਲਾਓ ਜਰੂਰ ਆਉਂਦਾ ਹੈ ਪੰਜਾਬ ਵਿੱਚ ਹਰਿਆਵਲ ਕਵਰ ਜੋ ਸਿਰਫ 4% ਰਹਿ ਗਿਆ ਹੈ, ਨੂੰ ਵਧਾਉਣ ਲਈ ਆਪਣਾ ਹਿੱਸਾ ਪਾਉਂਦਿਆਂ ਪਿੰਡ ਭੁੱਲਰ ਚੁਗਾਵਾਂ ਦੀ ਨੌਜਵਾਨ ਸਭਾ ਨੇ ਹਰਿਆਵਲ ਪੰਜਾਬ ਏਕ ਪੇੜ ਦੇਸ਼ ਕੇ ਨਾਮ , ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਮਨਜੀਤ ਸਿੰਘ ਸੈਣੀ ਅਤੇ ਸੀਨੀਅਰ ਮੀਤ ਪ੍ਰਧਾਨ ਸਰਦਾਰ ਇਕਬਾਲ ਸਿੰਘ ਤੁੰਗ ਨਾਲ ਸ਼ਾਮਿਲ ਹੋ ਪਿੰਡ ਦੀਆਂ ਬਾਹਰਲੀਆਂ ਫਿਰਣੀਆਂ /ਸ਼ੜਕਾਂ ਤੇ ਅੱਜ 100 ਦੇ ਕਰੀਬ ਬੂਟੇ ਲਗਾਏ ਉਹਨਾਂ ਵੱਲੋਂ 2-3 ਸਾਲ ਪਹਿਲਾਂ ਬੂਟੇ ਲਗਾਏ ਵੀ ਦਿਖਾਏ , ਜਿੰਨ੍ਹਾ ਦੀ ਉਹ ਪੂਰੀ ਸੰਭਾਲ ਕਰ ਰਹੇ ਸਨ । ਸੂਰਜ ਭੁੱਲਰ , ਅਮਨਦੀਪ ਸਿੰਘ , ਰੋਸ਼ਨ , ਸਰਦਾਰ ਮਹਿੰਦਰ ਸਿੰਘ , ਗੌਰਵ, ਯੋਗਾ ਭੁੱਲਰ ਅਤੇ ਇਹਨਾਂ ਦੇ ਹੋਰ ਸਾਥੀਆਂ ਨੇ ਅੱਜ ਪੂਰੀ ਗਰਮੀ ਵਿੱਚ ਪੌਦੇ ਲਗਾ , ਰੁੱਖਾਂ ਪ੍ਰਤੀ ਆਪਣਾ ਪਿਆਰ ਦਰਸਾਇਆ ਅਤੇ ਅਤੇ ਪ੍ਰਣ ਲਿਆ ਕਿ ਉਹ ਇਹਨਾਂ ਪੌਦਿਆਂ ਦਾ ਪੂਰਾ ਖਿਆਲ ਰੱਖਣਗੇ ਅਤੇ ਬਰਸਾਤੀ ਮੌਸਮ ਵਿੱਚ ਹੋਰ ਕਾਫ਼ੀ ਪੌਦੇ ਲਗਾ ਕੇ ਦੂਸਰੇ ਪਿੰਡਾਂ ਲਈ ਪ੍ਰੇਰਨਾ ਸ੍ਰੋਤ ਬਨਣ ਗੇ ।

# ਧੀ ਦੀ ਮੌਤ ਨਹੀਂ ਕਤਲ ਹੈ ਯਾਨੀ ਮਮਤਾ ਦਾ ਕਤਲ ਹੈ



**ਚੌਕ ਮਹਿਤਾ, 24 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼ਿਵਾਲਾ ਬਾਗ ਭਈਆ, ਅੰਮ੍ਰਿਤਸਰ ਵਿਚ ਤੇਜ਼ ਬੁਖਾਰ ਨਾਲ ਪੀੜਤ ਆਪਣੀ 11 ਮਹੀਨੇ ਦੀ ਬੱਚੀ ਨੂੰ ਸੁੱਟ ਦਿੱਤਾ ਅਤੇ ਪੁਲਸ ਵੱਲੋਂ ਉਸ ਨੂੰ ਹਸਪਤਾਲ ਲਿਜਾਣ ਅਤੇ ਉਥੇ ਉਸ ਦੀ ਮੌਤ ਬਾਰੇ ਪਤਾ ਲੱਗਣ ਤੋਂ ਬਾਅਦ, ਮੇਰੀ ਰੂਹ ਕੰਬ ਉੱਠੀ ਅਤੇ ਮੇਰਾ ਮਨ ਚੀਕਾਂ ਮਾਰਨ ਲੱਗਿਆ ਮਾਂ ਰੱਬ ਦਾ ਦੂਸਰਾ ਰੂਪ ਹੈ ਮਾਂ, ਤਿਆਗ, ਬਲਿਦਾਨ ਅਤੇ ਮਮਤਾ ਦੀ ਮੂਰਤ ਹੁੰਦੀ ਹੈ ਮਾਂ ਸੰਸਕਾਰਾਂ ਅਤੇ ਸੰਸਕ੍ਰਿਤੀ ਦੀ ਜਨਨੀ ਹੁੰਦੀ ਹੈ ਮਾਂ ਦਿਨ-ਰਾਤ ਮਿਹਨਤ ਕਰਕੇ ,ਖ਼ੁਦ ਭੁੱਖੀ ਰਹਿਕੇ, ਅਨੇਕਾਂ ਕਸ਼ਟ ਸਹਿ ਕੇ ਬੱਚੇ ਨੂੰ ਪਾਲਦੀ ਹੈ ਇਸ ਤਰ੍ਹਾਂ ਦਾ ਅਣਮਨੁੱਖੀ ਅਤੇ ਘਿਨੌਣਾ ਕਾਰਨਾਮਾ ਸਮੁੱਚੀ ਮਨੁੱਖ ਜਾਤੀ ਨੂੰ ਸ਼ਰਮਸਾਰ ਕਰਦਾ ਹੈ ਇਨਸਾਫ਼ ਤਾਂ ਇਹੋ ਹੈ ਕਿ ਜਿਸ ਮਾਂ ਨੇ ਆਪਣੀ ਧੀ ਨੂੰ ਮੌਤ ਦੇ ਮੂੰਹ 'ਚ ਧੱਕਿਆ, ਉਸ ਨੂੰ ਵੀ ਮੌਤ ਦੀ ਸਜ਼ਾ ਦਿੱਤੀ ਜਾਵੇ।

# ਨਵ-ਨਿਯੁੱਕਤ ਏ.ਡੀ.ਸੀ.ਪੀ ਅਭਿਮਨੀਊ ਰਾਣਾ ਦਾ ਸਨਮਾਨ



**ਚੌਕ ਮਹਿਤਾ, 24 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਰਾਜਪਾਲ ਸੁਲਤਾਨ ਇੰਟਰਨੈਸ਼ਨਲ ਗੈਲਰੀ ਆਫ ਫਾਇਨ ਆਰਟ ਦੇ ਪ੍ਰਸਿੱਧ ਚਿੱਤਰਕਾਰ ਰਾਜਪਾਲ ਸੁਲਤਾਨ ਅਤੇ ਉਘੇ ਫਿਲਮੀ ਕਲਾਕਾਰ ਐਡਵੋਕੇਟ ਅਰਵਿੰਦਰ ਭੱਟੀ ਦੀ ਅਗਵਾਈ ਵਿੱਚ ਅੱਜ ਅੰਮ੍ਰਿਤਸਰ ਦੇ ਨਵ-ਨਿਯੁੱਕਤ ਏ.ਡੀ.ਸੀ.ਪੀ ਅਭਿਮਨੀਊ ਰਾਣਾ (ਆਈ.ਪੀ.ਐਸ) ਨੂੰ ਹੱਥ ਨਾਲ ਬਣੀ ਪੇਂਟਿੰਗ ਭੇਂਟ ਕੀਤੀ।ਇਸ ਮੌਕੇ ਏ.ਸੀ.ਪੀ ਵੈਸਟ ਸੁਖਪਾਲ ਸਿੰਘ, 'ਆਪ' ਆਗੂ ਮੈਡਮ ਹਰਵਿੰਦਰ ਕੌਰ ਸੰਧੂ, ਪੰਜਾਬ ਪਲਾਈਵੁੱਡ ਐਸੋਸੀਏਸ਼ਨ ਦੇ ਪ੍ਰਧਾਨ ਅਤੇ 'ਆਪ' ਆਗੂ ਗੁਰਪ੍ਰੀਤ ਸਿੰਘ ਕਟਾਰੀਆ,'ਆਪ' ਆਗੂ ਦਲਜੀਤ ਸਿੰਘ ਸੰਧੂ,ਨਿਰਮਲ ਸਿੰਘ ਸੌਖੀ,ਉਘੇ ਪੱਤਰਕਾਰ ਕੰਵਲਜੀਤ ਸਿੰਘ ਵਾਲੀਆ ਆਦਿ ਹਾਜ਼ਰ ਸਨ।ਇਸ ਮੌਕ ਏ.ਡੀ.ਸੀ.ਪੀ ਅਭਿਮਨੀਊ ਰਾਣਾ ਨੇ ਆਏ ਪ੍ਰਤੀਨਿਧੀਮੰਡਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਵਿਚੋਂ ਜ਼ੁਰਮ ਅਤੇ ਨਸ਼ਿਆਂ ਦੇ ਖਾਤਮੇ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਜੇਕਰ ਲੋਕ ਸਮਾਜ ਵਿਰੋਧੀ ਅਨਸਰ ਦੀ ਭਿਣਕ ਪੈਣ ਤੇ ਤੁਰੰਤ ਇਸਦੀ ਸੂਚਨਾ ਪੁਲਿਸ ਨੂੰ ਦੇਣ ਤਾਂ ਪੁਲਿਸ ਵੱਲੋਂ ਮੌਕੇ ਤੇ ਕਾਰਵਾਈ ਕਰਕੇ ਅਜਿਹੇ ਅਨਸਰਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਪਹੁੰਚਾਇਆ ਜਾ ਸਕਦਾ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਹਾੜੇ ਮੌਕੇ

# ਸ਼੍ਰੋਮਣੀ ਕਮੇਟੀ ਵੱਲੋਂ ਗੁਰਮਤਿ ਸਮਾਗਮ



**ਨਵੀਂ ਦਿੱਲੀ, 24 ਜੂਨ (ਮਨਪ੍ਰੀਤ ਸਿੰਘ ਖਾਲਸਾ):-** ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਹਾੜੇ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਜਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ।ਅਰਦਾਸ ਭਾਈ ਸੁਖਦੇਵ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਭਾਈ ਵਿਸ਼ਾਲ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਭਾਈ ਵਿਸ਼ਾਲ ਸਿੰਘ ਨੇ ਸੰਗਤਾਂ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੇ ਲਾਸਾਨੀ ਇਤਿਹਾਸ ਬਾਰੇ ਵਿਚਾਰਾਂ ਕੀਤੀਆਂ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਉਹ ਜਰਨੈਲ ਸਿੰਘ ਸਨ, ਜਿਨ੍ਹਾਂ ਨੇ ਸਿੱਖ ਰਾਜ ਦੀ ਸਥਾਪਨਾ ਕਰਕੇ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਖਾਲਸਾ ਰਾਜ ਦਾ ਸਿੱਕਾ ਚਲਾਇਆ। ਉਨ੍ਹਾਂ ਸਿੱਖ ਨੌਜੁਆਨੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਤੋਂ ਸੇਧ ਲੈਣ ਦੀ ਪ੍ਰੇਰਣਾ ਕੀਤੀ। ਇਸ ਮੌਕੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਪ੍ਰਚਾਰਕ ਭਾਈ ਤਰਸੇਮ ਸਿੰਘ, ਢਾਡੀ ਭਾਈ ਗੁਰਪ੍ਰੀਤ ਸਿੰਘ ਭੰਗੂ ਅਤੇ ਭਾਈ ਗੁਰਸੇਵਕਜੀਤ ਸਿੰਘ ਪ੍ਰੇਮੀ ਦੇ ਜਥੇ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ।

ਇਸ ਮੌਕੇ ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਸ. ਗੁਰਦਿਆਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ.ਭਗਵੰਤ ਸਿੰਘ ਧੰਗੇੜਾ, ਮੈਨੇਜਰ ਸ.ਸਤਨਾਮ ਸਿੰਘ ਰਿਆੜ, ਸ. ਸਤਿੰਦਰ ਸਿੰਘ, ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸ. ਬਿਕਰਮਜੀਤ ਸਿੰਘ, ਸ.ਯੁਵਰਾਜ ਸਿੰਘ, ਮੀਤ ਮੈਨੇਜਰ ਸ.ਗੁਰਤਿੰਦਰਪਾਲ ਸਿੰਘ, ਸ.ਰਵਿੰਦਰਜੀਤ ਸਿੰਘ ਤੇ ਹੋਰ ਹਾਜ਼ਰ ਸਨ।

# ਸਾਡੀ ਜਮੀਨ ਹਥਿਆਉਣ ਲਈ ਹੋ ਰਹੀ ਏ ਧੱਕੇਸ਼ਾਹੀ—ਕਿਰਨਦੀਪ ਕੌਰ

ਫ਼ਿਰੋਜ਼ਪੁਰ, 24 ਜੂਨ (ਮਨੋਹਰ ਲਾਲ):— ਆਪਣੀ ਜੱਦੀ ਜ਼.ਮੀਨ ਦੀ ਧੋਖਾਧੜੀ ਨਾਲ ਹੋਈ ਰਜਿਸਟਰੀ ਦਾ ਕੇਸ ਝਗੜ ਰਹੀ ਔਰਤ ਕਿਰਨਦੀਪ ਕੌਰ ਨੇ ਕੌਰ ਨੇ ਹਲਕਾ ਜ਼ੀਰਾ ਦੇ ਵਿਧਾਇਕ ਪਰ ਲਾਏ ਧੱਕੇਸ਼ਾਹੀ ਕਰਨ ਦੇ ਦੋਸ਼। ਜੀ ਹਾਂ ਅੱਜ ਫ਼ਿਰੋਜ਼ਪੁਰ ਸਤਲੁਜ਼ ਪ੍ਰੈਸ ਕਲੱਬ ਵਿਚ ਪੁੱਜੀ ਉਕਤ ਪੀੜਤ ਔਰਤ ਨੇ ਦੋਸ਼ ਲਗਾਇਆ ਕਿ ਉਸ ਦੇ ਸਹੁਰਾ ਭੁਪਿੰਦਰ ਸਿੰਘ ਦੀ ਜ਼ਮੀਨ ਪਰ ਉਹ ਬਤੌਰ ਮਾਲਕ ਵਾਹੀ ਕਰਦੇ ਆ ਰਹੇ ਹਨ ਅਤੇ ਲੰਬੇ ਅਰਸੇ ਤੋਂ ਇਹ ਜ਼ਮੀਨ ਉਨ੍ਹਾਂ ਦੇ ਕਬਜ਼ੇ ਵਿਚ ਹੈ। ਉਕਤ ਔਰਤ ਨੇ ਦੱਸਿਆ ਕਿ ਉਸ ਦੇ ਸਹੁਰੇ ਨੇ ਸਾਲ 2015 ਵਿਚ ਗਮਦੂਰ ਸਿੰਘ ਪੁੱਤਰ ਅਜਮੇਰ ਸਿੰਘ ਵਾਸੀ ਪਿੰਡ ਹਰਦਾਸਾ ਨੂੰ ਦੋ ਏਕੜ ਜ਼ਮੀਨ ਗਹਿਣੇ ਧਰੀ ਸੀ, ਪਰ ਕੁਝ ਸਮੇਂ ਬਾਅਦ ਉਸਦੀ ਰਕਮ ਵਾਪਸ ਕਰ ਦਿੱਤੇ ਸਨ, ਜਦੋਂ ਕਿ ਉਸ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿਚ ਇਸ ਜ਼ਮੀਨ ਪਰ ਮੇਰਾ ਪਤੀ ਸ੍ਰੀ ਜਜਪ੍ਰੀਤ ਸਿੰਘ ਹੀ ਬਤੌਰ ਮਾਲਕ ਕਾਸ਼ਤ ਕਰਦਾ ਆ ਰਿਹਾ ਹੈ। ਪੀੜਤ ਕਿਰਨਦੀਪ ਕੌਰ ਨੇ ਦੋਸ਼ ਲਾਇਆ ਕਿ ਉਕਤ ਗਮਦੂਰ ਸਿੰਘ ਨੇ ਕਾਗਜ਼ਾਤ ਨਾਲ ਛੇੜਛਾੜ ਕਰਕੇ ਸਾਡੀ ਜ਼ਮੀਨ ਨੂੰ ਧੋਖੇ ਨਾਲ ਆਪਣੇ ਪਰਿਵਾਰਕ ਮੈਂਬਰਾਂ ਬਲਜੀਤ ਕੌਰ ਪਤਨੀ ਗਮਦੂਰ ਸਿੰਘ, ਸਤਪਾਲ ਕੌਰ ਪਤਨੀ ਗੁਰਸੇਵਕ ਸਿੰਘ, ਅਮਨਦੀਪ ਕੌਰ ਪਤਨੀ ਬਲਜੀਤ ਸਿੰਘ ਵਾਸੀਆਨ ਪਿੰਡ ਹਰਦਾਸਾ ਦੇ ਨਾਮ ਪਰ ਟਰਾਂਸਫਰ ਕਰਵਾ ਲਈ, ਜਿਸ ਦਾ ਪਤਾ ਲੱਗਣ ਤੇ ਉਸਦੇ ਪਤੀ ਜਜਪ੍ਰੀਤ ਸਿੰਘ ਵੱਲੋਂ ਮਾਣਯੋਗ ਅਦਾਲਤ ਵਿਚ ਕੇਸ ਦਾਇਰ ਕਰ ਦਿੱਤਾ। ਉਸ ਨੇ ਦੱਸਿਆ ਕਿ ਅੱਜ ਤੱਕ ਜਮ੍ਹਾਂਬੰਦੀ ਦੇ ਮਾਲਕਾਨਾ ਖਾਨੇ ਵਿਚ ਸਾਡਾ ਨਾਮ ਦਰਜ ਹੈ ਅਤੇ ਇਸ ਬਾਬਤ ਵਿਰੋਧੀ ਧਿਰ ਵੱਲੋਂ ਸਾਡੇ ਉਕਤ ਕੇਸ ਨੂੰ ਬੰਦ ਕਰਨ ਲਈ 7, 11 ਦੀ ਐਪਲੀਕੇਸ਼ਨ ਲਗਾਈ ਸੀ, ਪਰ ਮਾਨਯੋਗ ਅਦਾਲਤ ਨੇ ਇਸ ਐਪਲੀਕੇਸ਼ਨ ਨੂੰ ਰੱਦ ਕਰ ਦਿੱਤਾ, ਜਿਸ ਦੇ ਚਲਦਿਆਂ ਉਕਤ ਲੋਕਾਂ ਨੇ ਹੁਣ ਸਿਆਸੀ ਸ਼ਿਹ ਤੇ ਸਾਡੇ ਨਾਲ ਧੱਕੇਸ਼ਾਹੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਕਤ ਪੀੜਤ ਕਿਰਨਦੀਪ ਕੌਰ ਨੇ ਦੱਸਿਆ ਕਿ ਉਕਤ ਲੋਕਾਂ ਤੋਂ ਡਰਦਾ ਹੋਇਆ ਉਸਦਾ ਪਤੀ ਵਿਦੇਸ਼ ਚਲਾ ਗਿਆ ਸੀ ਅਤੇ ਵਿਦੇਸ਼ ਜਾਣ ਤੋਂ ਪਹਿਲਾਂ ਕੇਸ ਝਗੜਣ ਦੇ ਸਾਰੇ ਅਧਿਕਾਰ ਉਸ ਨੂੰ ਦੇ ਕੇ ਗਿਆ ਸੀ, ਜਿਸ ਕਰਕੇ ਉਹ ਮਾਣਯੋਗ ਅਦਾਲਤ ਵਿਚ ਆਪਣੇ ਕੇਸ ਦੀ ਪੈਰਵਾਈ ਕਰ ਰਹੀ ਹੈ। ਉਕਤ ਔਰਤ ਨੇ ਦੱਸਿਆ ਕਿ ਇਸ ਜ਼ਮੀਨ ਪਰ ਸਾਡਾ ਹੀ ਕਬਜ਼ਾ ਹੈ ਅਤੇ ਅਸੀਂ ਹੀ ਇਸ ਪਰ ਕਾਸ਼ਤ ਕਰਦੇ ਆ ਰਹੇ ਹਨ ਅਤੇ ਜਦੋਂ ਦੀ ਮੁਰੱਬਾਬੰਦੀ ਹੋਈ ਹੈ, ਉਸ ਸਮੇਂ ਤੋਂ ਵੀ ਸਾਡਾ ਹੀ ਨਾਮ ਕਾਸ਼ਤਕਾਰ ਖਾਨੇ ਵਿਚ ਚਲਦਾ ਆ ਰਿਹਾ ਹੈ।




ਪੀੜਤ ਕਿਰਨਦੀਪ ਕੌਰ ਨੇ ਕਿਹਾ ਕਿ ਕਾਨੂੰਨੀ ਤਰੀਕਿਆਂ ਨਾਲ ਹਰੇਕ ਪਾਸਿਆ ਤੋਂ ਮੂੰਹ ਦੀ ਖਾਣ ਤੋਂ ਬਾਅਦ ਹੁਣ ਸਾਡੇ ਵਿਰੋਧੀਆਂ ਵੱਲੋਂ ਜ਼ੀਰਾ ਹਲਕੇ ਦੇ ਵਿਧਾਇਕ ਅਤੇ ਉਸਦੇ ਲਕੇ ਦੀ ਮੱਦਦ ਨਾਲ ਲੋਕਲ ਅਤੇ ਅਫਸਰ ਰੈਂਕ ਪੁਲਿਸ ਪ੍ਰਸ਼ਾਸਨ ਰਾਹੀਂ ਸਾਡੇ ਪਰ ਦਬਾਅ ਪਾਇਆ ਜਾ ਰਿਹਾ ਹੈ ਕਿ ਉਕਤ ਕੇਸ ਵਾਪਿਸ ਲਿਆ ਜਾਵੇ ਅਤੇ ਜਮੀਨ ਦਾ ਕਬਜ਼ਾ ਛੱਡ ਕੇ ਵਿਰੋਧੀ ਧਿਰ ਨੂੰ ਦਿੱਤਾ ਜਾਵੇ। ਪੁਲਿਸ ਪ੍ਰਸ਼ਾਸਨ ਪਰ ਦੋਸ਼ ਲਗਾਉਂਦਿਆਂ ਉਕਤ ਔਰਤ ਨੇ ਕਿਹਾ ਕਿ ਇਸ ਵਿਚ ਮੁੱਖ ਤੌਰ ਤੇ ਡੀ.ਐਸ.ਪੀ ਗੁਰਦੀਪ ਸਿੰਘ ਜ਼ੀਰਾ ਨੇ ਆਪਣੇ ਦਫਤਰ ਵਿਖੇ ਮੇਰੇ ਸਹੁਰੇ ਭੁਪਿੰਦਰ ਸਿੰਘ ਨੂੰ ਬੁਲਾ ਕੇ ਜ਼ਮੀਨ ਦਾ ਕਬਜ਼ਾ ਛੱਡਣ ਬਾਬਤ ਡਰਾਇਆ ਧਮਕਾਇਆ ਅਤੇ ਉਸ ਨੂੰ ਜਲੀਲ ਕੀਤਾ ਅਤੇ ਐਸ.ਐਚ.ਓ ਜਗਦੇਵ ਸਿੰਘ ਥਾਣਾ ਜ਼ੀਰਾ ਸਦਰ ਵੱਲੋਂ ਵੀ ਸਾਡੇ ਘਰ ਆ ਕੇ ਸਾਨੂੰ ਸਾਰੇ ਪਰਿਵਾਰਕ ਮੈਂਬਰਾਂ ਨੂੰ ਉਕਤ ਜਮੀਨ ਦਾ ਕਬਜ਼ਾ ਛੱਡਣ ਬਾਬਤ ਅਤੇ ਉਕਤ ਜਮੀਨ ਦੇ ਮੁਕੱਦਮੇ ਵਾਪਸ ਲੈਣ ਲਈ ਡਰਾਇਆ ਗਿਆ ਹੈ ਅਤੇ ਸਾਨੂੰ ਕਿਹਾ ਗਿਆ ਹੈ ਕਿ ਜੇਕਰ ਉਕਤ ਮੁਕੱਦਮੇ ਵਾਪਸ ਨਹੀਂ ਲਏ ਅਤੇ ਜਮੀਨ ਦਾ ਕਬਜ਼ਾ ਨਹੀਂ ਛੱਡਿਆ ਤਾਂ ਤੁਹਾਡੇ ਪਰਿਵਾਰਕ ਮੈਂਬਰਾਂ ਤੇ ਝੂਠੇ ਮੁਕੱਦਮੇ ਦਰਜ ਕੀਤੇ ਜਾਣਗੇ। ਉਕਤ ਔਰਤ ਨੇ ਕਿਹਾ ਕਿ ਇਸ ਤੋਂ ਇਲਾਵਾ ਉਕਤ ਵਿਧਾਇਕ ਅਤੇ ਉਸਦੇ ਲੜਕੇ ਵੱਲੋਂ ਸਾਡੇ ਘਰ ਹਥਿਆਰਾਂ ਨਾਲ ਲੈਸ ਗੁੰਡੇ—ਬਦਮਾਸ਼ ਭੇਜ ਕੇ ਸਾਨੂੰ ਡਰਾਇਆ ਧਮਕਾਇਆ ਗਿਆ ਹੈ, ਜਿਸ ਬਾਬਤ ਜਦੋਂ ਲੋਕਲ ਪੁਲਿਸ ਨੂੰ ਇਸ ਦੀ ਇਤਲਾਹ ਦਿੱਤੀ ਤਾਂ ਉਹ ਵੀ ਉਲਟਾ ਸਾਨੂੰ ਹੀ ਮਾੜਾ ਬੋਲਦੇ ਹਨ ਅਤੇ ਡਰਾਉਂਦੇ ਹਨ। ਭਾਵੁਕ ਹੁੰਦਿਆਂ ਪੀੜਤ ਕਿਰਨਦੀਪ ਕੌਰ ਨੇ ਕਿਹਾ ਕਿ ਮੈਂ ਆਪਣੇ ਅੱਠ ਮਹੀਨਿਆਂ ਦੀ ਲੜਕੀ ਨਾਲ ਆਪਣੇ ਬਜ਼ੁਰਗ ਸਹੁਰੇ ਪਰਿਵਾਰ ਵਿਚ ਵਸ ਰਹੀ ਹਾਂ ਅਤੇ ਮੈਂ ਇਕਲੀ ਔਰਤ ਉਕਤਾਨ ਦਾ ਸਾਹਮਣਾ ਕਰ ਰਹੀ ਹਾਂ ਅਤੇ ਉਕਤਾਨ ਵੱਲੋਂ ਮੇਰੇ ਉਪਰ ਦਬਾਅ, ਗੈਰ ਕਾਨੂੰਨੀ ਤਰੀਕੇ ਨਾਲ ਪਾ ਕੇ ਮੈਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ, ਜਿਸ ਕਾਰਨ ਮੈਨੂੰ ਅਤੇ ਮੇਰੇ ਸਾਰੇ ਪਰਿਵਾਰ ਵਿਚ ਹਰ ਸਮੇਂ ਡਰ ਤੇ ਸਹਿਮ ਦਾ ਮਾਹੌਲ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਸਾਡਾ ਮਾਮਲਾ ਮਾਣਯੋਗ ਅਦਾਲਤ ਵਿਚ ਚੱਲ ਰਿਹਾ ਹੈ ਤਾਂ ਸਾਨੂੰ ਪੁਲਿਸ ਪ੍ਰਸ਼ਾਸਨ ਬੁਲਾ ਕੇ ਤੰਗ—ਪ੍ਰੇਸ਼ਾਨ ਕਿਉਂ ਕਰਦੀ ਹੈ ਅਤੇ ਸਾਡੀ ਇਹੀ ਮੰਗ ਹੈ ਕਿ ਸਾਡਾ ਮਾਮਲਾ ਮਾਣਯੋਗ ਅਦਾਲਤ ਵਿਚ ਹੀ ਚਲਦਾ ਰਹੇ ਤਾਂ ਜ਼ੋ ਸਾਡੇ ਨਾਲ ਇਨਸਾਫ ਹੋ ਸਕੇ।

ਇਸ ਸਬੰਧੀ ਜਦੋਂ ਵਿਧਾਇਕ ਕਟਾਰੀਆ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਸਪੱਸ਼ਟ ਕੀਤਾ ਕਿ ਮੇਰਾ ਅਜਿਹੇ ਕਿਸੇ ਮਾਮਲੇ ਵਿਚ ਕੋਈ ਲਾਗਾ—ਤਾਗਾ ਨਹੀਂ ਅਤੇ ਨਾ ਹੀ ਮੈਂ ਅਜਿਹੇ ਕਿਸੇ ਕੇਸ ਤੋਂ ਜਾਣੂ ਹਾਂ। ਇਸ ਸਬੰਧੀ ਗੱਲਬਾਤ ਕਰਨ ਤੇ ਡੀ.ਐਸ.ਪੀ ਸਾਹਿਬ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੂੰ ਅਨੇਕਾਂ ਵਾਰ ਬੁਲਾਇਆ ਗਿਆ, ਪਰ ਉਕਤ ਧਿਰ ਨੇ ਕੋਈ ਵੀ ਕਾਗਜ਼ਾਤ ਨਹੀਂ ਦਿਖਾਇਆ, ਜਦੋਂ ਕਿ ਦੂਸਰੀ ਧਿਰ ਆਪਣੇ ਮਾਲਕਾਨਾ ਕਾਗਜ਼ਾਤ ਦਿਖਾ ਰਹੇ ਹਨ। ਧੱਕੇ ਮਾਰ ਕੇ ਦਫਤਰੋਂ ਬਾਹਰ ਕੱਢਣ ਦੇ ਦੋਸ਼ ਤੇ ਆਪਣਾ ਸਪੱਸ਼ਟੀਕਰਨ ਦਿੰਦਿਆਂ ਡੀ.ਐਸ.ਪੀ ਜ਼ੀਰਾ ਨੇ ਕਿਹਾ ਕਿ ਇਹ ਕੋਈ ਜੰਗਲ ਰਾਜ ਨਹੀਂ, ਮੇਰੇ ਦਫਤਰ ਵਿਚ ਹਮੇਸ਼ਾ ਲੋਕਾਂ ਹਾਜ਼ਰ ਹੁੰਦੇ ਹਨ। ਇਸ ਸਬੰਧੀ ਐਸ.ਐਚ.ਓ ਥਾਣਾ ਸਦਰ ਜ਼ੀਰਾ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਅਜਿਹਾ ਕੁਝ ਨਹੀਂ ਅਤੇ ਇਨ੍ਹਾਂ ਲੋਕਾਂ ਨੇ ਗਮਦੂਰ ਸਿੰਘ ਵਗੈਰਾ ਨੂੰ ਜਮੀਨ ਬੈ ਕੀਤੀ ਸੀ ਅਤੇ ਆਪਣੇ ਇਜਤ ਬਣੀ ਰਹਿਣ ਦਾ ਹਵਾਲਾ ਦਿੰਦੇ ਹੋਏ ਜਮੀਨ ਠੇਕੇ ਪਰ ਦੇਣ ਦੀ ਅਪੀਲ ਕੀਤੀ ਸੀ, ਜ਼ੋ ਬਾਅਦ ਵਿਚ ਦੇਣੋਂ ਹੱਟ ਗਏ। ਉਨ੍ਹਾਂ ਦੱਸਿਆ ਕਿ ਇਸ ਉਕਤ ਉਕਤ ਜਮੀਨ ਮਾਲਕਾਂ ਨੇ ਜਮੀਨ ਪਰ ਕਬਜ਼ਾ ਕਰ ਲਿਆ ਅਤੇ ਮਾਮਲਾ ਧਿਆਨ ਵਿਚ ਆਉਣ ਦੀ ਸੂਰਤ ਵਿਚ ਦੋਵਾਂ ਧਿਰਾਂ ਨੂੰ ਬੁਲਾਇਆ ਗਿਆ, ਇਥੋਂ ਤੱਕ ਕਿ ਡੀ.ਐਸ.ਪੀ ਸਾਹਿਬ ਦੇ ਦਫਤਰ ਵੀ ਬੁਲਾਇਆ ਗਿਆ, ਜਿਥੇ ਇਹ ਔਰਤ ਅਤੇ ਉਸਦੇ ਪਰਿਵਾਰਕ ਮੈਂਬਰ ਕੋਈ ਵੀ ਕਾਗਜ਼ਾਤ ਨਹੀਂ ਦਿਖਾ ਸਕੀਆਂ। ਸਾਰੇ ਦੋਸ਼ਾਂ ਨੂੰ ਮੁੱਢੋਂ ਨਕਾਰਦਿਆਂ ਐਸ.ਐਚ.ਓ ਨੇ ਕਿਹਾ ਕਿ ਵਾਰ—ਵਾਰ ਕਹਿਣ ਤੇ ਕਿਸੇ ਕਿਸਮ ਦਾ ਕੋਈ ਕਾਗਜ਼ ਨਹੀਂ ਦਿਖਾਇਆ ਗਿਆ, ਸਗੋਂ ਹੁਣ ਤਾਂ ਬੁਲਾਉਣ ਦੇ ਬਾਵਜੂਦ ਵੀ ਉਹ ਪੇਸ਼ ਨਹੀਂ ਹੋ ਰਹੇ।

# ਭਾਈ ਅੰਮ੍ਰਿਤਪਾਲ ਸਿੰਘ 'ਤੇ ਐੱਨ.ਐੱਸ.ਏ. ਦੇ ਕੀਤੇ ਵਾਧੇ ਨੂੰ ਪੰਜਾਬ ਸਰਕਾਰ ਰੱਦ ਕਰੇ-ਚੇਅਰਮੈਨ ਮਹਿਤਾ



**ਚੌਕ ਮਹਿਤਾ,24 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)-** ਆਸਾਮ ਦੀ ਡਿਬਰੂਗੜ੍ਹ ਜੇਲ੍ਹ ਅੰਦਰ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ਉੱਪਰ ਪੰਜਾਬ ਸਰਕਾਰ ਵੱਲੋਂ ਐੱਨ.ਐੱਸ.ਏ. 'ਚ ਮੁੜ ਵਾਧਾ ਕੀਤੇ ਜਾਣ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਸੀਨੀਅਰ ਕਾਂਗਰਸੀ ਆਗੂ ਚੇਅਰਮੈਨ ਕਸ਼ਮੀਰ ਸਿੰਘ ਕਾਲਾ ਸਰਪੰਚ ਮਹਿਤਾ ਨੇ ਕਿਹਾ ਕੇਜਰੀਵਾਲ ਦੇ ਇਸ਼ਾਰੇ 'ਤੇ ਹੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿੱਖ ਨੌਜਵਾਨਾਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਦੇ ਰਾਹਾਂ 'ਤੇ ਚੱਲ ਰਹੀ ਹੈ ਤੇ ਜਿਵੇਂ ਦਾ ਵਰਤਾਰਾ ਕੇਂਦਰ ਸਰਕਾਰ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨਾਲ ਕਰ ਰਹੀ ਹੈ,ਉਵੇਂ ਹੀ ਪੰਜਾਬ ਸਰਕਾਰ ਵੀ ਸਿੱਖ ਨੌਜਵਾਨੀ ਨੂੰ ਜੇਲਾਂ ਵਿੱਚ ਰੋਲਣ ਤੇ ਉੱਤਰ ਆਈ ਹੈ,ਜੋ ਕਿ ਅਤਿ ਨਿੰਦਣਯੋਗ ਤੇ ਨਾ ਕਾਬਿਲੇ ਬਰਦਾਸ਼ਤ ਹੈ।ਸਰਪੰਚ ਮਹਿਤਾ ਨੇ ਕਿਹਾ ਕਿ ਦਿੱਲੀ 'ਚ ਸੱਤਾਧਾਰੀ ਆਮ ਆਦਮੀ ਪਾਰਟੀ ਪਹਿਲਾਂ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਅੜਿੱਕਾ ਬਣਦੀ ਆ ਰਹੀ ਹੈ ਤੇ ਹੁਣ ਪੰਜਾਬ ਦੀ ਭਗਵੰਤ ਮਾਨ ਸਰਕਾਰ ਡਿਬਰੂਗੜ੍ਹ ਜੇਲ੍ਹ 'ਚ ਬੰਦ ਕੀਤੇ ਇਹਨਾਂ ਨੌਜਵਾਨਾਂ ਨੂੰ ਰਿਹਾਅ ਕਰਾਉਣ ਦੀ ਬਜਾਏ ਸਗੋਂ ਉਹਨਾਂ ਦੀ ਨਜ਼ਰਬੰਦੀ ਚ ਵਾਧਾ ਕਰਕੇ ਸਿੱਖ ਵਿਰੋਧੀ ਹੋਣ ਦਾ ਸਬੂਤ ਦੇ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕ ਫਤਵੇ ਨੂੰ ਖਿੜੇ ਮੱਥੇ ਪ੍ਰਵਾਨ ਕਰੇ ਤੇ ਸੂਬੇ ਦੀ ਤਰੱਕੀ ਤੇ ਅਮਨ-ਖੁਸ਼ਹਾਲੀ ਵੱਲ ਧਿਆਨ ਦਿੰਦੇ ਹੋਏ ਇਨ੍ਹਾਂ ਨੌਜਵਾਨਾਂ ਨੂੰ ਪੰਜਾਬ ਲੈ ਕੇ ਆਏ ਤੇ ਐੱਨ.ਐੱਸ.ਏ. ਰੱਦ ਕਰਕੇ ਕੇ ਇਨ੍ਹਾਂ ਦੀ ਜਲਦ ਰਿਹਾਈ ਲਈ ਰਾਹ ਪੱਧਰਾ ਕਰੇ ਤੇ ਨਾਲ ਹੀ ਦੇਸ਼ ਦੀਆਂ ਵੱਖ ਵੱਖ ਜੇਲ੍ਹਾਂ 'ਚ ਕੈਦ ਸਿੱਖ ਕੈਦੀ ਜਾਂ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਵੀ ਜਲਦ ਰਿਹਾਅ ਕਰਾਉਣ ਦਾ ਉਪਰਾਲਾ ਕਰੇ।

# ਸ੍ਰੀ ਦਰਬਾਰ ਸਾਹਿਬ ਵਿਖੇ ਇਕ ਬੀਬੀ ਵੱਲੋਂ ਯੋਗਾ ਕਰਕੇ ਸਿੱਖ ਭਾਵਨਾਵਾ ਨੂੰ ਠੇਸ ਪਹੁੰਚਾਉਣ ਦੇ ਅਮਲ ਸਿੱਖ ਵਿਰੋਧੀ ਹਕੂਮਤੀ ਸਾਜਿਸ : ਮਾਨ



ਨਵੀਂ ਦਿੱਲੀ, 24 ਜੂਨ (ਮਨਪ੍ਰੀਤ ਸਿੰਘ ਖਾਲਸਾ):-"21 ਜੂਨ ਨੂੰ ਹਿੰਦੂਤਵ ਹੁਕਮਰਾਨ ਆਪਣੇ ਧਰਮ ਅਨੁਸਾਰ ਯੋਗਾ ਦਿਹਾੜਾ ਮਨਾਉਦੇ ਹਨ ।ਲੇਕਿਨ ਉਸੇ ਦਿਨ 21 ਜੂਨ ਨੂੰ ਸਿੱਖ ਕੌਮ ਆਪਣੀਆ ਸਿੱਖੀ ਮਹਾਨ ਰਵਾਇਤਾ ਨੂੰ ਪ੍ਰਫੁੱਲਿਤ ਕਰਨ ਹਿੱਤ ਗੱਤਕਾ ਦਿਹਾੜਾ ਮਨਾਉਦੇ ਹਨ ।ਦੋਵੇ ਧਰਮਾਂ ਦੀਆਂ ਆਪੋ ਆਪਣੀਆ ਰਵਾਇਤਾ, ਰਹੁਰੀਤੀਆ ਅਤੇ ਨਿਯਮ ਹਨ । ਜਦੋ ਸਿੱਖ ਕੌਮ ਕਿਸੇ ਦੂਸਰੇ ਧਰਮ ਵਿਚ ਕਿਸੇ ਤਰ੍ਹਾਂ ਦੀ ਦਖਲ ਨਹੀ ਦਿੰਦੀ ਤਾਂ 21 ਜੂਨ ਦੇ ਗੱਤਕੇ ਦਿਹਾੜੇ ਵਾਲੇ ਦਿਨ ਇਕ ਬੀਬੀ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਜੋ ਯੋਗਾ ਕਰਨ ਦੀ ਬਜਰ ਗੁਸਤਾਖੀ ਕਰਕੇ ਸਿੱਖ ਭਾਵਨਾਵਾ, ਮਰਿਯਾਦਾਵਾ ਨੂੰ ਠੇਸ ਪਹੁੰਚਾਈ ਹੈ, ਇਹ ਕੋਈ ਆਮ ਘਟਨਾ ਨਹੀ ਬਲਕਿ ਹਿੰਦੂਤਵ ਹੁਕਮਰਾਨਾਂ ਤੇ ਮੁਤੱਸਵੀਆਂ ਦੀ ਇਕ ਡੂੰਘੀ ਸਿੱਖ ਵਿਰੋਧੀ ਸਾਜਿਸ ਦਾ ਹਿੱਸਾ ਹੈ ।ਅਜਿਹੀ ਗੁਸਤਾਖੀ ਕਰਨ ਵਾਲੇ ਕਿਸੇ ਵੀ ਇਨਸਾਨ ਨੂੰ ਸਿੱਖ ਕੌਮ ਕਤਈ ਮੁਆਫ਼ ਨਹੀ ਕਰਦੀ ਅਤੇ ਨਾ ਹੀ ਕਰਾਂਗੇ । ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੋ ਉਸ ਦੋਸ਼ੀ ਬੀਬੀ ਵਿਰੁੱਧ ਅੰਮ੍ਰਿਤਸਰ ਵਿਖੇ ਐਫ.ਆਈ.ਆਰ. ਦਰਜ ਕਰਵਾਈ ਹੈ, ਉਹ ਕੌਮ ਪੱਖੀ ਉੱਦਮ ਹੈ, ਪਰ ਜੋ ਪ੍ਰਕਰਮਾ ਵਿਚ ਸੇਵਾਦਾਰਾਂ ਤੇ ਡਿਊਟੀ ਤੇ ਤਾਇਨਾਤ ਟਾਸਕ ਫੋਰਸ ਵੱਲੋ ਇਸ ਸਮੇ ਅਣਗਹਿਲੀ ਹੋਈ ਹੈ, ਉਸ ਉਤੇ ਵੀ ਐਸ.ਜੀ.ਪੀ.ਸੀ ਨੂੰ ਕਾਰਵਾਈ ਕਰਦੇ ਹੋਏ ਅੱਗੋ ਲਈ ਅਜਿਹੀਆ ਕਾਰਵਾਈਆ ਨਾ ਹੋ ਸਕਣ ਪੂਰੀ ਚੌਕਸੀ ਰੱਖਣ ਦੀ ਸਖਤ ਜਰੂਰਤ ਹੈ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸ੍ਰੀ ਦਰਬਾਰ ਸਾਹਿਬ ਵਿਖੇ ਇਕ ਸਾਜਿਸਕਾਰ ਬੀਬੀ ਵੱਲੋ 21 ਜੂਨ ਦੇ ਗੱਤਕੇ ਦਿਹਾੜੇ ਦੇ ਦਿਨ ਪ੍ਰਕਰਮਾ ਵਿਚ ਯੋਗਾ ਕਰਕੇ ਸਿੱਖ ਮਨਾਂ ਤੇ ਆਤਮਾਵਾ ਨੂੰ ਠੇਸ ਪਹੁੰਚਾਉਣ ਦੀ ਹੋਈ ਕਾਰਵਾਈ ਉਤੇ ਗਹਿਰਾ ਦੁੱਖ ਜਾਹਰ ਕਰਦੇ ਹੋਏ ਅਤੇ ਮੁਤੱਸਵੀ ਹੁਕਮਰਾਨਾਂ ਦੀਆਂ ਅਜਿਹੀਆ ਸਿੱਖ ਵਿਰੌਧੀ ਸਾਜਿਸਾਂ ਦਾ ਐਸ.ਜੀ.ਪੀ.ਸੀ ਵੱਲੋ ਮਜਬੂਤੀ ਨਾਲ ਜੁਆਬ ਦੇਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ ।ਉਨ੍ਹਾਂ ਕਿਹਾ ਕਿ ਇਹ ਮੁਤੱਸਵੀ ਲੋਕ ਤੇ ਹੁਕਮਰਾਨ ਅਜਿਹੀਆ ਸਿੱਖ ਮਨਾਂ ਨੂੰ ਠੇਸ ਪਹੁੰਚਾਉਣ ਵਾਲੀਆ ਕਾਰਵਾਈਆ ਕਰਕੇ ਅਸਲੀਅਤ ਵਿਚ ਇਹ ਦੇਖਣਾ ਤੇ ਪਰਖਣਾ ਚਾਹੁੰਦੇ ਹਨ ਕਿ ਸਿੱਖ ਕੌਮ ਵਿਚ ਆਪਣੇ ਮਹਾਨ ਇਤਿਹਾਸ ਤੇ ਗੁਰੂ ਸਾਹਿਬਾਨ ਜੀ ਦੀਆਂ ਸਿਖਿਆਵਾ ਤੇ ਆਦੇਸ਼ਾਂ ਦਾ ਤੱਤ ਬਚਿਆ ਹੈ ਜਾਂ ਨਹੀ। ਲੇਕਿਨ ਅਜਿਹੇ ਅਮਲ ਕਰਦੇ ਹੋਏ ਇਸਦੇ ਨਿਕਲਣ ਵਾਲੇ ਸਮਾਜਿਕ ਭਿਆਨਕ ਨਤੀਜਿਆ ਤੋ ਇਹ ਹੁਕਮਰਾਨ ਬੇਖਬਰ ਹੋ ਜਾਂਦਾ ਹੈ ।ਜਿਸ ਉਤੇ ਇਹ ਹੁਕਮਰਾਨ ਬਿਲਕੁਲ ਕਾਬੂ ਨਹੀ ਪਾ ਸਕਣਗੇ ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਸਿੱਖ ਅਯੁੱਧਿਆ ਦੇ ਰਾਮ ਮੰਦਰ ਵਿਚ ਜਾ ਕੇ ਗੱਤਕਾ ਖੇਡੇ ਤੇ ਹਿੰਦੂ ਮਰਿਯਾਦਾਵਾ ਦਾ ਘਾਣ ਕਰੇ, ਕੀ ਇਹ ਹਿੰਦੂਤਵ ਮੁਤੱਸਵੀ ਲੋਕ ਉਸ ਨੂੰ ਸਹਿਣ ਕਰਨਗੇ ? ਇਸ ਲਈ ਹੁਕਮਰਾਨਾਂ ਨੂੰ ਤੇ ਮੁਤੱਸਵੀਆ ਨੂੰ ਅਜਿਹੀ ਕੋਈ ਗੁਸਤਾਖੀ ਕਤਈ ਨਹੀ ਕਰਨੀ ਚਾਹੀਦੀ ਜਿਸ ਨਾਲ ਜੰਗਜੂ ਖਿਆਲਾਂ ਅਤੇ ਆਪਣੀ ਅਣਖ ਗੈਰਤ ਉਤੇ ਮਰ ਮਿਟਣ ਵਾਲੀ ਕੌਮ ਨੂੰ ਉਹ ਜਾਣਬੁੱਝ ਕੇ ਅਜਿਹੀ ਚੁਣੌਤੀ ਦੇਣ ਅਤੇ ਮਾਹੌਲ ਨੂੰ ਵਿਸਫੋਟਕ ਬਣਾਉਣ ।ਜੇਕਰ ਉਨ੍ਹਾਂ ਨੇ ਇਹ ਯੋਗਾ ਵਗੈਰਾਂ ਕਰਨਾ ਹੈ ਉਹ ਪਹਾੜਾ ਤੇ ਮੰਦਰਾਂ ਵਿਚ ਜਾਂ ਆਪਣੇ ਜੰਗਲਾਂ ਵਿਚ ਜਾ ਕੇ ਅਜਿਹੀ ਪ੍ਰਕਿਰਿਆ ਕਰ ਸਕਦੇ ਹਨ। ਪਰ ਸਿੱਖ ਕੌਮ ਦੀਆਂ ਭਾਵਨਾਵਾ ਨਾਲ ਕਿਸੇ ਵੀ ਵੱਡੀ ਤੋ ਵੱਡੀ ਤਾਕਤ ਜਾਂ ਮੁਤੱਸਵੀਆ ਨੂੰ ਖਿਲਵਾੜ ਕਰਨ ਦੀ ਇਜਾਜਤ ਅਸੀ ਕਦਾਚਿਤ ਨਹੀ ਦੇਵਾਂਗੇ ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਭਾਕਿਯੂ ਏਕਤਾ ਡਕੌਂਦਾ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਦੀ ਰਿਹਾਈ ਲਈ

# ਹਰਨੇਕ ਮਹਿਮਾ ਦੀ ਜੇਲ੍ਹ ਬੰਦੀ ਅਤੇ ਪੁਲਿਸ ਪ੍ਰਸ਼ਾਸਨ ਦੀ ਵਾਅਦਾ ਖਿਲਾਫ਼ੀ ਦਾ ਜਵਾਬ, ਸੰਘਰਸ਼ ਨੂੰ ਹੋਰ ਤੇਜ਼ ਕਰਕੇ ਦਿਆਂਗੇ—ਗੁਰਦੀਪ ਰਾਮਪੁਰਾ





ਫ਼ਿਰੋਜ਼ਪੁਰ, 24 ਜੂਨ (ਮਨੋਹਰ ਲਾਲ) :— ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੂੰ ਪੰਜਾਬ ਪੁਲਿਸ ਵੱਲੋਂ ਪੁਰਾਣੇ ਕੇਸਾਂ ਵਿੱਚ ਗ੍ਰਿਫ਼ਤਾਰ ਕਰਕੇ 10 ਮਈ ਤੋਂ ਜੇਲ੍ਹ ਵਿੱਚ ਡੱਕਣ ਅਤੇ ਪ੍ਰਸ਼ਾਸਨ ਵੱਲੋਂ ਉਸ ਦੀ ਰਿਹਾਈ ਲਈ ਆਪਣੇ ਵਾਅਦੇ ਤੇ ਖਰਾ ਨਾ ਉਤਰਨ ਤੇ ਜਥੇਬੰਦੀ ਦੀ ਸੂਬਾ ਕਮੇਟੀ ਨੇ ਸਖ਼ਤ ਗੁੱਸੇ ਅਤੇ ਰੋਹ ਦਾ ਪ੍ਰਗਟਾਵਾ ਕੀਤਾ ਹੈ। ਇਹ ਵਿਚਾਰ ਸਾਂਝੇ ਕਰਦਿਆਂ ਸੂਬਾ ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਧਨੇਰ, ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਸੂਬਾ ਮੀਤ ਪ੍ਰਧਾਨ ਹਰੀਸ਼ ਨੱਢਾ ਲਾਧੂਕਾ, ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ, ਮੱਖਣ ਸਿੰਘ ਭੈਣੀ ਬਾਘਾ, ਸੂਬਾ ਖਜ਼ਾਨਚੀ ਬਲਵੰਤ ਸਿੰਘ ਉੱਪਲੀ ਅਤੇ ਔਰਤ ਵਿੰਗ ਦੀ ਆਗੂ ਬੀਬੀ ਅੰਮ੍ਰਿਤਪਾਲ ਕੌਰ ਅਤੇ ਮਹਿੰਦਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਕਿਸਾਨਾਂ ਮਜ਼ਦੂਰਾਂ ਤੇ ਜ਼ੁਲਮ ਕਰਨ ਦੇ ਮਾਮਲੇ ਵਿੱਚ, ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਭਾਜਪਾ ਨੂੰ ਵੀ ਮਾਤ ਪਾ ਗਈ ਹੈ। ਉਨ੍ਹਾਂ ਕਿਹਾ ਕਿ ਸਾਡੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੂੰ ਗਿਰਫਤਾਰ ਕਰਕੇ ਜੇਲ੍ਹ ਵਿੱਚ ਬੰਦ ਕੀਤਾ ਗਿਆ ਸੀ ਕਿ ਕਿਸਾਨਾਂ ਵੱਲੋਂ ਭਾਜਪਾ ਦੇ ਕੀਤੇ ਜਾ ਰਹੇ ਵਿਰੋਧ ਨੂੰ ਅਸਫਲ ਕੀਤਾ ਜਾ ਸਕੇ। ਆਗੂਆਂ ਨੇ ਕਿਹਾ ਕਿ ਜਦੋਂ 17 ਮਈ ਨੂੰ ਐਸ.ਐਸ.ਪੀ ਫਿਰੋਜ਼ਪੁਰ ਦੇ ਦਫਤਰ ਸਾਹਮਣੇ ਹਰਨੇਕ ਸਿੰਘ ਮਹਿਮਾ ਦੀ ਰਿਹਾਈ ਲਈ ਧਰਨਾ ਲਾਇਆ ਗਿਆ ਸੀ ਤਾਂ ਉਦੋਂ ਪੁਲਿਸ ਅਧਿਕਾਰੀਆਂ ਨੇ ਜਥੇਬੰਦੀ ਦੇ ਆਗੂਆਂ ਨਾਲ ਵਾਅਦਾ ਕੀਤਾ ਸੀ ਅਤੇ ਸਟੇਜ ਤੇ ਆ ਕੇ ਵੀ ਐਲਾਨ ਕੀਤਾ ਸੀ ਕਿ ਉਹ ਹਰਨੇਕ ਸਿੰਘ ਮਹਿਮਾ ਦੀ ਜੇਲ ਤੋਂ ਰਿਹਾਈ ਲਈ ਹਰ ਸੰਭਵ ਸਹਿਯੋਗ ਕਰਨਗੇ। ਉਸ ਤੋਂ ਬਾਅਦ ਜਥੇਬੰਦੀ ਵੱਲੋਂ 14 ਜੂਨ ਨੂੰ ਐਸ.ਐਸ.ਪੀ ਫਿਰੋਜ਼ਪੁਰ ਦੇ ਦਫਤਰ ਦੇ ਘਿਰਾਉ ਦਾ ਐਲਾਨ ਕੀਤਾ ਗਿਆ ਸੀ। ਇਹ ਘਿਰਾਉ ਜਥੇਬੰਦੀ ਵੱਲੋਂ ਸੂਬਾ ਪੱਧਰੀ ਇਕੱਠ ਕਰਕੇ ਕੀਤਾ ਜਾਣਾ ਸੀ। ਇਸ ਤੋਂ ਘਬਰਾ ਕੇ ਉਦੋਂ ਪੁਲਿਸ ਪ੍ਰਸ਼ਾਸਨ ਨੇ ਫਿਰੋਜ਼ਪੁਰ ਜ਼ਿਲਾ ਕਮੇਟੀ ਨੂੰ ਵਾਰ—ਵਾਰ ਵਿਸ਼ਵਾਸ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਅਤੇ 14 ਜੂਨ ਦਾ ਇਹ ਘਿਰਾਉ ਮੁਲਤਵੀ ਕਰਨ ਲਈ ਕਿਹਾ, ਜ਼ਿਲਾ ਕਮੇਟੀ ਨੇ ਪ੍ਰਸ਼ਾਸ਼ਨ ਨੂੰ ਜਵਾਬ ਦਿੱਤਾ ਕਿ ਇਹ ਧਰਨਾ ਪ੍ਰਦਰਸ਼ਨ ਸੂਬਾ ਕਮੇਟੀ ਦੀ ਅਗਵਾਈ ਵਿੱਚ ਕੀਤਾ ਜਾ ਰਿਹਾ ਹੈ, ਇਸ ਲਈ ਸੂਬਾ ਕਮੇਟੀ ਨਾਲ ਹੀ ਗੱਲਬਾਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੇ ਸੂਬਾ ਕਮੇਟੀ ਨਾਲ ਤਾਲਮੇਲ ਕਰਕੇ ਗੱਲਬਾਤ ਕਰਨ ਲਈ ਬੁਲਾਇਆ ਅਤੇ ਐਸ.ਐਸ.ਪੀ ਫਿਰੋਜ਼ਪੁਰ ਦੇ ਦਫਤਰ ਵਿਚ ਹੋਈ ਮੀਟਿੰਗ ਵਿੱਚ ਦੁਬਾਰਾ ਫਿਰ ਪ੍ਰਸ਼ਾਸਨ ਨੇ ਜਥੇਬੰਦੀ ਨੂੰ ਇਹ ਪੂਰਾ ਭਰੋਸਾ ਦਵਾਇਆ ਕਿ ਹਰਨੇਕ ਸਿੰਘ ਮਹਿਮਾ ਦੀ ਰਿਹਾਈ ਲਈ ਵੱਧ ਤੋਂ ਵੱਧ ਸਹਿਯੋਗ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੇ ਇਸ ਵਾਸਤੇ ਇੱਕ ਹਫਤੇ ਦਾ ਸਮਾਂ ਮੰਗਿਆ ਗਿਆ ਸੀ ਪ੍ਰੰਤੂ ਪ੍ਰਸ਼ਾਸਨ ਆਪਣੇ ਵਾਅਦੇ ਤੇ ਖਰਾ ਨਹੀਂ ਉੱਤਰਿਆ। ਉਨ੍ਹਾਂ ਕਿਹਾ ਕਿ ਸੂਬਾ ਕਮੇਟੀ ਨੇ ਮਹਿਸੂਸ ਕੀਤਾ ਕਿ ਅਸਲ ਵਿੱਚ ਪੁਲਿਸ ਪ੍ਰਸ਼ਾਸਨ, ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਥੇਬੰਦੀ ਨੂੰ ਟਰਕਾਉਣ ਦੀ ਨੀਤੀ ਤੇ ਚੱਲ ਰਿਹਾ ਹੈ ਅਤੇ ਹਰਨੇਕ ਸਿੰਘ ਮਹਿਮਾ ਨੂੰ ਜੇਲ੍ਹ ਵਿੱਚ ਡੱਕੀ ਰੱਖਕੇ ਕਿਸਾਨ ਕਾਫ਼ਲਿਆਂ ਨੂੰ ਆਗੂ ਰਹਿਤ ਅਤੇ ਦਹਿਸ਼ਤ ਜ਼ਦਾ ਕਰਨਾ ਚਾਹੁੰਦਾ ਹੈ। ਸੂਬਾ ਆਗੂਆਂ ਨੇ ਕਿਹਾ ਕਿ ਪ੍ਰਸ਼ਾਸਨ ਨੇ ਵਾਰ—ਵਾਰ ਹਫਤੇ ਦਾ ਸਮਾਂ ਮੰਗ ਕੇ ਧਰਨਾ ਮੁਲਤਵੀ ਕਰਵਾਇਆ ਸੀ ਤਾਂ ਪ੍ਰਸ਼ਾਸਨ ਨੂੰ ਆਪਣੇ ਵਾਅਦੇ ਤੇ ਕਾਇਮ ਰਹਿਣਾ ਚਾਹੀਦਾ ਸੀ ਅਤੇ ਹੁਣ ਪ੍ਰਸ਼ਾਸਨ ਵੱਲੋਂ ਵਾਅਦਾ ਨਾ ਨਿਭਾਉਣ ਕਰਕੇ ਜਥੇਬੰਦੀ ਵਿੱਚ ਸਖ਼ਤ ਗੁੱਸਾ ਅਤੇ ਰੋਹ ਹੈ। ਇਸ ਲਈ ਜਲਦੀ ਹੀ ਸੂਬਾ ਕਮੇਟੀ ਦੀ ਮੀਟਿੰਗ ਕਰਕੇ ਅਗਲੇ ਸਖ਼ਤ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ ਅਤੇ ਹਰਨੇਕ ਸਿੰਘ ਮਹਿਮਾ ਦੀ ਰਿਹਾਈ ਲਈ ਆਰ ਜਾਂ ਪਾਰ ਦੀ ਲੜਾਈ ਲੜੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਲਈ ਹਰ ਕਿਸਮ ਦੀ ਜ਼ਿੰਮੇਵਾਰੀ ਫਿਰੋਜ਼ਪੁਰ ਦੇ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਤੋਂ ਇਲਾਵਾ ਪੰਜਾਬ ਸਰਕਾਰ ਦੀ ਹੀ ਹੋਵੇਗੀ।

**ਕੀਤੇ ਵਾਅਦੇ ਤੋਂ ਪ੍ਰਸ਼ਾਸਨ ਮੁੱਕਰਿਆ : ਮਨਜੀਤ ਧਨੇਰ**

ਆਵਾਜ਼ਿ ਕੌਮ AWAZE QAUM International Newspaper & WEB TV

ਭਾਈ ਅੰਮ੍ਰਿਤਪਾਲ ਸਿੰਘ ਦੇ ਐਨ.ਐਸ.ਏ ਵਿਚ ਵਾਧਾ

# ਸਿੱਖ ਕੌਮ ਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਰਿਹੈ—ਫੈਡਰੇਸ਼ਨ ਮਹਿਤਾ



ਫ਼ਿਰੋਜ਼ਪੁਰ, 24 ਜੂਨ (ਮਨੋਹਰ ਲਾਲ) :— ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚੋਂ ਰਿਕਾਰਡ ਤੋੜ ਵੋਟਾਂ ਨਾਲ ਜਿੱਤ ਹਾਸਲ ਕਰਨ ਵਾਲੇ ਹਲਕਾ ਖਡੂਰ ਸਾਹਿਬ ਤੋਂ ਪੰਥਕ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਦੇ ਐਨ.ਐਸ.ਏ ਵਿਚ ਵਾਧਾ ਸਮੁੱਚੀਆਂ ਪੰਥਕ ਸਫਾ ਵਿਚ ਜੁੰਮੇਵਾਰ ਸਰਕਾਰਾਂ ਵਿਰੁੱਧ ਰੋਹ ਦਾ ਭਾਂਬੜ ਬੱਲ ਚੁੱਕਿਆ ਹੈ ਅਤੇ ਹਰ ਪੰਥ ਦਰਦੀ ਵੱਲੋਂ ਇਸ ਦੀ ਅਲੋਚਨਾ ਹੋ ਰਹੀ ਹੈ। ਇਸੇ ਹੀ ਕੜੀ ਤਹਿਤ ਪੰਥ ਦੇ ਹਰਿਆਵਲ ਦਸਤੇ ਵਜੋਂ ਜਾਣੀ ਜਾਂਦੀ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਨੇ ਜਿੱਥੇ ਇਸ ਵਾਧੇ ਨੂੰ ਲੋਕਤੰਤਰ ਦਾ ਘਾਣ ਦੱਸਿਆ ਹੈ, ਉਥੇ ਇਸ ਨੂੰ ਫਿਰਕਾਪ੍ਰਸਤੀ ਦੀ ਖੇਡ ਵੀ ਕਰਾਰ ਦਿੱਤਾ ਹੈ। ਅੱਜ ਪ੍ਰੈਸ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ, ਕੌਮੀ ਮੀਤ ਪ੍ਰਧਾਨ ਭਾਈ ਸੁਖਦੇਵ ਸਿੰਘ ਲਾਡਾ ਤੇ ਕੌਮੀ ਸਕੱਤਰ ਜਰਨੈਲ ਸਿੰਘ ਗਾਬੜੀਆ ਤੇ ਸਾਥੀਆਂ ਨੇ ਕਿਹਾ ਕਿ ਇਹ ਫੈਸਲਾ ਸਿੱਖ ਕੌਮ ਨਾਲ ਇਕ ਘੋਰ ਅਨਿਆ ਹੈ ਅਤੇ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਭਾਈ ਅੰਮ੍ਰਿਤਪਾਲ ਸਿੰਘ ਨਾਲ ਜੁੜੀਆਂ ਹੋਈਆਂ ਹਨ, ਜਿਸ ਵਿਚੋਂ ਕੌਮ ਨੂੰ ਉਸ ਵਿਚੋਂ ਸਿੱਖ ਕੌਮ ਦਾ ਸੁੰਦਰ ਭਵਿੱਖ ਨਜ਼ਰ ਆਉਂਦਾ ਹੈ, ਪਰ ਫਿਰਕਾ ਪ੍ਰਸਤ ਤਾਕਤਾਂ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ। ਉਕਤ ਆਗੂਆਂ ਨੇ ਅੱਗੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਹੀ ਸਿੱਖਾਂ ਹੱਥੋਂ ਸਿੱਖਾਂ ਨੂੰ ਹੀ ਜਲੀਲ ਕਰਕੇ ਪੰਥ ਦੋਖੀ ਆਪਣੇ ਮਿਸ਼ਨ ਵਿਚ ਸਫਲ ਹੋ ਰਹੇ ਹਨ, ਜਿਸ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਪੰਥਕ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਇਸ ਵਾਧੇ ਦਾ ਡੱਟ ਕੇ ਵਿਰੋਧ ਕਰਨ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਲਈ ਹਰ ਸੰਭਵ ਯਤਨ ਕਰਨ। ਇਸ ਸਮੇਂ ਉਕਤ ਆਗੂਆਂ ਨਾਲ ਡਾ: ਗੁਰਮੀਤ ਸਿੰਘ, ਜ਼ਸਬੀਰ ਸਿੰਘ ਤੇਗਾ ਸਿੰਘ ਵਾਲਾ, ਕੁਲਦੀਪ ਸਿੰਘ ਲੋਕੋ, ਅਵਤਾਰ ਸਿੰਘ ਜ਼ੋਸਨ, ਕੁਲਦੀਪ ਸਿੰਘ ਨੰਦਾ, ਗੁਰਦਰਸ਼ਨ ਸਿੰਘ, ਗੁਰਮੇਲ ਸਿੰਘ, ਜ਼ਸਬੀਰ ਸਿੰਘ ਜੱਸ ਅਤੇ ਮਿਹਰ ਸਿੰਘ ਆਦਿ ਹਾਜ਼ਰ ਸਨ।

**ਸਿੱਖਾਂ ਹੱਥੋਂ ਸਿੱਖਾਂ ਨੂੰ ਜਲੀਲ ਕਰਵਾ ਕੇ ਪੰਥ ਦੋਖੀ ਤਾਕਤਾਂ ਆਪਣੇ ਮਿਸ਼ਨ 'ਚ ਹੋ ਰਹੀਆਂ ਹਨ ਸਫਲ—ਭਾਈ ਜਸਪਾਲ ਸਿੰਘ**

ਆਵਾਜ਼ਿ ਕੌਮ AWAZE QAUM International Newspaper & WEB TV

# ਸਕੂਲ ਵਿੱਚ ਸਥਾਪਿਤ ਕੀਤਾ ਸ਼ਹੀਦ ਸਵਿੰਦਰ ਸਿੰਘ ਦਾ ਬੁੱਤ



**ਚੌਕ ਮਹਿਤਾ, 24ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੱਜ ਦੇ ਦਿਨ 24 ਜੂਨ 2000 ਨੂੰ ਜੰਮੂ ਕਸ਼ਮੀਰ ਦੇ ਕੁਪਵਾੜਾ ਵਿਖੇ ਪਿੰਡ ਧਰਦਿਉ ਨਾਲ ਸਬੰਧਤ ਜਵਾਨ ਸਵਿੰਦਰ ਸਿੰਘ ਹੋਈ ਸ਼ਹਾਦਤ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਰੈਜਮੈਂਟ ਵੱਲੋ ਪਿੰਡ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿੱਚ ਉਕਤ ਸ਼ਹੀਦ ਦਾ ਬੁੱਤ ਸਥਾਪਿਤ ਕੀਤਾ ਗਿਆ। ਇਸ ਮੌਕੇ ਰਜਮੈਂਟ ਦੇ ਮੇਜਰ ਮਹੇਸ਼ ਕਦਮ ਵੱਲੋ ਆਪਣੀ ਟੀਮ ਸਮੇਤ ਸ਼ਹੀਦ ਦੇ ਬੁੱਤ ਨੂੰ ਸਲਾਮੀ ਦਿੱਤੀ ਗਈ ਇਸ ਮੌਕੇ ਸਰਪੰਚ ਸੋਨੀ ਧਰਦਿਉ ਨੇ ਮੀਡੀਆ ਨਾਲ ਮੁਖਾਤਿਬ ਹੁੰਦਿਆਂ ਕਿਹਾ ਕੇ ਸ਼ਹੀਦ ਸਾਡੀ ਕੌਮ ਦਾ ਸਰਮਾਇਆ ਹਨ ਅਤੇ ਸਕੂਲ ਵਿੱਚ ਅੱਜ ਸ਼ਹੀਦ ਦਾ ਲੱਗਣ ਵਾਲਾ ਬੁੱਤ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਦਾ ਸਰੋਤ ਬਣੇਗਾ ਇਸ ਮੌਕੇ ਸ਼ਹੀਦ ਸਤਵਿੰਦਰ ਸਿੰਘ ਦੇ ਗ੍ਰਿਹਿ ਵਿਖੇ ਅਖੰਡ ਪਾਠ ਸਾਹਿਬ ਦਾ ਭੋਗ ਵੀ ਪਾਇਆ ਗਿਆ ਮੰਚ ਸੰਚਾਲਨ ਦੀ ਭੂਮਿਕਾ ਵਾਤਾਵਰਨ ਪ੍ਰੇਮੀ ਮਨਦੀਪ ਧਰਦਿਉ ਨੇ ਨਿਭਾਈ ਅਤੇ ਉਨ੍ਹਾਂ ਨੇ ਆਏ ਅਧਿਕਾਰੀਆਂ ਨੂੰ ਸਵਿੰਦਰ ਸਿੰਘ ਦੀ ਧੀ ਅਮਨਦੀਪ ਕੌਰ ਅਤੇ ਬੇਟੇ ਗੁਰਪ੍ਰੀਤ ਸਿੰਘ ਨੂੰ ਨੌਕਰੀ ਦੇਣ ਲਈ ਵੀ ਬੇਨਤੀ ਕੀਤੀ ਅਤੇ ਅਰਦਾਸ ਸਮਾਗਮ ਵਿੱਚ ਪਿੰਡ ਦੇ ਲੋਕ ਵੀ ਸ਼ਾਮਿਲ ਹੋਏ ਜਿਨ੍ਹਾ ਵਿੱਚ ਸਰਵਣ ਸਿੰਘ,ਪ੍ਰਧਾਨ ਸੁਰਜੀਤ ਸਿੰਘ ਜੀਤਾ,ਮੈਂਬਰ ਕੁਲਵਿੰਦਰ ਸਿੰਘ, ਮੈਂਬਰ ਜਸਵਿੰਦਰ ਸਿੰਘ,ਕੈਪਟਨ ਭਜਨ ਸਿੰਘ, ਕੈਪਟਨ ਪ੍ਰੀਤਮ ਸਿੰਘ,ਸਾਬਕਾ ਬਲਾਕ ਸੰਮਤੀ ਮੈਂਬਰ ਗੁਰਦੀਪ ਸਿੰਘ,ਕੁਲਵੰਤ ਸਿੰਘ ਮਾਹਲਾ,ਗਿਆਨੀ ਨਿਰਮਲ ਸਿੰਘ,ਸ਼ਿੰਗਾਰ ਸਿੰਘ,ਨਿਸ਼ਾਨ ਸਿੰਘ, ਲਖਵਿੰਦਰ ਸਿੰਘ,ਫੁੰਮਣ ਸਿੰਘ ,ਜਸਵੰਤ ਸਿੰਘ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਸਰਬ ਨਿਵਾਸ ਗਲੀ ਨਿਹੰਗਾਂ ਵਾਲੀ ਅੰਦਰੂਨ ਬਗਦਾਦੀ ਗੇਟ ਫ਼ਿਰੋਜ਼ਪੁਰ ਸ਼ਹਿਰ ਵਿਖੇ ਲਗਾਤਾਰ ਪਾਠ ਕਰਨ ਵਾਲੀਆਂ ਬੀਬੀਆਂ ਨੂੰ ਕੀਤਾ ਸਨਮਾਨਿਤ



ਫ਼ਿਰੋਜ਼ਪੁਰ, 24 ਜੂਨ (ਮਨੋਹਰ ਲਾਲ) :— ਗੁਰਦੁਆਰਾ ਸਰਬ ਨਿਵਾਸ ਗਲੀ ਨਿਹੰਗਾਂ ਵਾਲੀ ਅੰਦਰੂਨ ਬਗਦਾਦੀ ਗੇਟ ਫ਼ਿਰੋਜ਼ਪੁਰ ਸ਼ਹਿਰ ਵਿਖੇ ਜਿਹੜੀਆਂ ਬੀਬੀਆਂ ਲਗਾਤਾਰ ਪਾਠ ਕਰਦੀਆਂ ਹਨ, ਉਨ੍ਹਾਂ ਨੂੰ ਗੁਰਦੁਆਰਾ ਸਰਬ ਨਿਵਾਸ ਗਲੀ ਨਿਹੰਗਾਂ ਵਾਲੀ ਅੰਦਰੂਨ ਬਗਦਾਦੀ ਗੇਟ ਦੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ ਨੇ ਆਪਣੇ ਕਰ ਕਮਲਾਂ ਨਾਲ ਸਨਮਾਨਿਤ ਕੀਤਾ। ਇਸ ਮੌਕੇ ਤੇ ਪਰਮਜੀਤ ਕੌਰ, ਰਣਜੀਤ ਕੌਰ, ਨਿਰਮਲਜੀਤ ਕੌਰ, ਪ੍ਰੀਤਮ ਕੌਰ, ਗੁਰਦੀਪ ਕੌਰ, ਹਰਭਜਨ ਕੌਰ, ਪ੍ਰੀ.ਤਮ ਕੌਰ, ਜ਼ਸਬੀਰ ਕੌਰ, ਪਰਵੀਨ, ਮਨਦੀਪ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਅਰਸ਼ਦੀਪ ਨੇ ਚਾਹ ਅਤੇ ਜਲ ਦੀ ਸੇਵਾ ਵਿਸ਼ੇਸ਼ ਤੌਰ ਤੇ ਕੀਤੀ। ਇਸ ਮੌਕੇ ਤੇ ਗੁਰਦੁਆਰਾ ਸਰਬ ਨਿਵਾਸ ਗਲੀ ਨਿਹੰਗਾਂ ਵਾਲੀ ਅੰਦੂਨ ਬਗਦਾਦੀ ਗੇਟ ਫ਼ਿਰੋਜ਼ਪੁਰ ਦੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ ਨੇ ਬੋਲਦਿਆਂ ਕਿਹਾ ਕਿ ਜਿਹੜੀਆਂ ਬੀਬੀਆਂ ਲਗਾਤਾਰ ਪਾਠ ਕਰਦੀਆਂ ਹਨ, ਉਨ੍ਹਾਂ ਨੂੰ ਅਸੀਂ ਅੱਜ ਸਨਮਾਨਿਤ ਕਰ ਰਹੇ ਹਾਂ ਅਤੇ ਭਵਿੱਖ ਵਿਚ ਵੀ ਅਸੀਂ ਕਰਦੇ ਰਹਾਂਗੇ, ਕਿਉਂਕਿ ਗੁਰਬਾਣੀ ਦਾ ਪਾਠ ਕਰਨ ਨਾਲ ਤੁਹਾਡੇ ਸਾਰੇ ਦੁੱਖ ਦੂਰ ਹੁੰਦੇ ਹਨ, ਸਾਨੂੰ ਵੱਧ ਤੋਂ ਵੱਧ ਗੁਰਬਾਣੀ ਦਾ ਪਾਠ ਕਰਨਾ ਚਾਹੀਦਾ ਹੈ। ਬਾਬਾ ਜੀ ਨੇ ਅੱਗੇ ਕਿਹਾ ਕਿ ਸਾਨੂੰ ਅੰਮ੍ਰਿਤ ਵੇਲੇ ਉਠ ਕੇ ਵੱਧ ਤੋਂ ਵੱਧ ਪਾਠ ਕਰਨਾ ਚਾਹੀਦਾ ਹੈ, ਬਾਣੀ ਪੜਨ ਨਾਲ, ਬਾਣੀ ਸੁਨਣ ਨਾਲ ਤੁਹਾਡੇ ਸਾਰੇ ਦੁੱਖ ਦੂਰ ਹੁੰਦੇ ਹਨ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

# ਪੱਟੀ ਹਲਕੇ ਦੇ ਪਿੰਡ ਸਭਰਾ ਵਿੱਚ ਨਸ਼ੇ ਦਾ ਟੀਕਾ ਲਗਾਉਣ ਨਾਲ ਨੌਜਵਾਨ ਦੀ ਮੌਤ

**ਪੱਟੀ, 24 ਜੂਨ (ਆਵਾਜ਼ਿ ਕੌਮ ਬਿਊਰੋ )**-ਪੱਟੀ ਹਲਕੇ ਦੇ ਪਿੰਡ ਸਭਰਾ ਵਿੱਚ ਮਨਪ੍ਰੀਤ ਸਿੰਘ (26) ਪੁੱਤਰ ਜੱਸਾ ਸਿੰਘ ਦੀ ਨਸ਼ੇ ਦਾ ਟੀਕਾ ਲਗਾਉਣ ਕਾਰਣ ਮੌਕੇ ਤੇ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਜੱਸਾ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਉਹਨਾਂ ਦੇ ਲੜਕੇ ਮਨਪ੍ਰੀਤ ਸਿੰਘ ਨੇ ਆਪਣੇ ਇੱਕ ਸਾਥੀ ਗੁਰਪਾਲ ਸਿੰਘ ਵਾਸੀ ਸਭਰਾ ਨਾਲ ਮਿਲ ਕੇ ਰਾਤ 11 ਵਜੇ ਦੇ ਕਰੀਬ ਗੁਰਪਾਲ ਸਿੰਘ ਦੇ ਘਰ ਚਿੱਟੇ ਦਾ ਟੀਕਾ ਲਗਾਇਆ ਸੀ ਤੇ ਉਸਦੀ ਮੌਕੇ ਤੇ ਹੀ ਮੌਤ ਹੋ ਗਈ। ਉਹਨਾਂ ਦੱਸਿਆ ਕਿ ਉਹਨਾਂ ਦੇ ਮ੍ਰਿਤਕ ਲੜਕੇ ਨਾਲ ਨਸਾਂ ਲਗਾਉਣ ਵਾਲੇ ਗੁਰਪਾਲ ਸਿੰਘ ਨੂੰ ਸਥਾਨਕ ਪੁਲਿਸ ਵੱਲੋਂ ਰਾਤ ਸਮੇਂ ਹੀ ਹਿਰਾਸਤ ਵਿਚ ਲਿਆ ਗਿਆ ਹੈ। ਉਹਨਾਂ ਕਿਹਾ ਕਿ ਪਿੰਡ ਸਭਰਾ ਅੰਦਰ ਨਸ਼ਾ ਸ਼ਰੇਆਮ ਮਿਲਦਾ ਹੈ। ਜਿਸ 'ਤੇ ਸਰਕਾਰ ਅਤੇ ਸਥਾਨਕ ਪੁਲਿਸ ਪ੍ਰਸ਼ਾਸਨ ਕੋਈ ਠੋਸ ਕਾਰਵਾਈ ਨਹੀਂ ਕਰਦਾ। ਨਾਮ ਨਾਂ ਛਾਪਣ ਦੀ ਸ਼ਰਤ ਤੇ ਇੱਕ ਵਿਅਕਤੀ ਨੇ ਦੱਸਿਆ ਕਿ ਪਿੰਡ ਸਭਰਾ ਦਾ ਇੱਕ ਨੋਜਵਾਨ ਪਿੰਡ ਅੰਦਰੋਂ ਇੱਕ ਚਿੱਟੇ ਦੇ ਵਪਾਰੀ ਪਾਸੋਂ 200 ਰੁਪਏ ਦਾ ਨਸ਼ਾ ਲੈਣ ਗਿਆ ਜਿੱਥੇ ਉਸ ਨਸ਼ੇ ਦੇ ਵਪਾਰੀ ਨੇ 5000 ਰੁਪਏ ਤੋਂ ਘੱਟ ਨਸ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਜਿਸ ਕਰਕੇ ਉਹਨਾਂ ਵਿਚਕਾਰ ਝਗੜਾ ਹੋ ਗਿਆ। ਇਸ ਘਟਨਾ ਸੰਬੰਧੀ ਤੇ ਇਲਾਕੇ ਅੰਦਰ ਨਸ਼ਿਆ ਤੇ ਕਾਰਵਾਈ ਨੂੰ ਲੈ ਕੇ ਪੁਲੀਸ ਥਾਣਾ ਸਦਰ ਪੱਟੀ ਦੇ ਅਧਿਕਾਰੀ ਪਰਮਜੀਤ ਸਿੰਘ ਨੇ ਕਿਹਾ ਕਿ ਪੁਲੀਸ ਵੱਲੋਂ ਮ੍ਰਿਤਕ ਮਨਪ੍ਰੀਤ ਸਿੰਘ ਦੇ ਮਾਪਿਆਂ ਨਾਲ ਸਪੰਰਕ ਕੀਤਾ ਗਿਆ ਹੈ ਪਰ ਮ੍ਰਿਤਕ ਦੇ ਮਾਪੇ ਪੁਲੀਸ ਕਾਰਵਾਈ ਕਰਵਾਉਣ ਲਈ ਰਾਜੀ ਨਹੀਂ ਹੋਏ । ਉਹਨਾਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਪੁਲੀਸ ਵੱਲੋਂ ਸਖ਼ਤ ਕਦਮ ਚੁੱਕੇ ਜਾ ਰਹੇ ਹਨ ਜਿਸ ਵਿਚ ਸਥਾਨਕ ਜਨਤਾ ਦੇ ਸਹਿਯੋਗ ਦੀ ਲੋੜ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ੴ ਸਤਿਗੁਰ ਪ੍ਰਸਾਦਿ ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

# ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ

## ਸ.ਸੁਖਜਿੰਦਰ ਸਿੰਘ ਜੌੜਾ

ਸਪੁੱਤਰ ਸ.ਪੂਰਨ ਸਿੰਘ ਆਪਣੀ ਸੰਸਾਰਿਕ ਯਾਤਰਾ ਨੂੰ ਪੂਰੀ ਕਰਦੇ ਹੋਏ ਮਿਤੀ 19-06-2024 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ। ਉਹਨਾਂ ਦੀ ਆਂਤਮਿਕ ਸ਼ਾਂਤੀ ਲਈ ਰੱਖੇ ਗਏ

## ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਮਿਤੀ 28 ਜੂਨ ਦਿਨ ਸ਼ੁੱਕਰਵਾਰ ਨੂੰ ਪਾਠ ਦੇ ਭੋਗ ਗ੍ਰਹਿ ਵਿਖੇ ਪਾਏ ਜਾਣਗੇ ਉਪਰੰਤ 12 ਤੋਂ 2 ਵਜੇ ਤੱਕ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਸਿੰਘ ਸਭਾ H-BLOCK ਭਾਈ ਰਣਧੀਰ ਸਿੰਘ ਨਗਰ ਲੁਧਿਆਣਾ ਵਿਖੇ ਹੋਵੇਗੀ।
ਸੋ ਆਪ ਜੀ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ।

**ਦੁਖੀ ਹਿਰਦੇ**

ਜੌੜਾ ਪਰਿਵਾਰ
ਪੰਜਹੱਥਾ ਪਰਿਵਾਰ
ਗਰੇਵਾਲ ਪਰਿਵਾਰ

ਆਵਾਜ਼ਿ ਕੌਮ AWAZE QAUM International Newspaper & WEB TV

**ਸੰਪਰਕ :- 98150-32200, 90565-00816, 98311-23925, 73559-12393**

ਪਹਿਲੇ ਸਿੱਖ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ

# ਸਿੱਖ ਰਾਜਧਾਨੀ ਕਿਲਾ ਲੋਹਗੜ੍ਹ ਸਾਹਿਬ ਯਮੁਨਾਨਗਰ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ

## ਨਵੇਂ ਪ੍ਰੋਜੈਕਟਾਂ ਦਾ ਹਰਿਆਣਾ ਕਮੇਟੀ ਨੇ ਰੱਖਿਆ ਨੀਂਹ ਪੱਥਰ













ਪਹਿਲੇ ਸਿੱਖ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਅੱਜ ਪਹਿਲੀ ਸਿੱਖ ਰਾਜਧਾਨੀ ਕਿਲਾ ਲੋਹਗੜ੍ਹ ਸਾਹਿਬ ਯਮੁਨਾਨਗਰ ਵਿਖੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾ ਸਤਿਕਾਰ ਸਹਿਤ ਮਨਾਇਆ ਗਿਆ ਨਵੇਂ ਪ੍ਰੋਜੈਕਟਾਂ ਦਾ ਹਰਿਆਣਾ ਕਮੇਟੀ ਨੇ ਰੱਖਿਆ ਨੀਂਹ ਪੱਥਰ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਪਹਿਲੇ ਸਿੱਖ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ

# ਸਿੱਖ ਰਾਜਧਾਨੀ ਕਿਲਾ ਲੋਹਗੜ੍ਹ ਸਾਹਿਬ ਯਮੁਨਾਨਗਰ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ

## ਨਵੇਂ ਪ੍ਰੋਜੈਕਟਾਂ ਦਾ ਹਰਿਆਣਾ ਕਮੇਟੀ ਨੇ ਰੱਖਿਆ ਨੀਂਹ ਪੱਥਰ




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243